MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 10 ISSUE: 13 SATURDAY, 26 MARCH, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਟਰੂਡੋ ਨੇ 2025 ਤੱਕ ਸੱਤਾ 'ਚ ਰਹਿਣ ਲਈ ਲਿਬਰਲ ਅਤੇ ਐਨ.ਡੀ.ਪੀ. ਵਿਚਾਲੇ ਸਮਝੌਤੇ ਦਾ ਕੀਤਾ ਐਲਾਨ

ਓਟਵਾ-ਨਵਾਂ ਡੈਂਟਲ ਕੇਅਰ ਅਤੇ ਫਰਮਾਕੇਅਰ ਪ੍ਰੋਗਰਾਮਾਂ ਸਮੇਤ ਐਨਡੀਪੀ ਨਾਲ ਇਕ ਮਹਿੰਗੇ ਸਮਝੌਤਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ 2025 ਤਕ ਸੱਤਾ ਵਿਚ ਰਹਿਣ ਦੀ ਇਜਾਜ਼ਤ ਦੇਵੇਗਾ। ਐਨਡੀਪੀ ਨਾਲ ਸਮਝੌਤੇ ਦਾ ਐਲਾਨ ਕਰਦਿਆਂ ਟਰੂਡੋ ਨੇ ਕਿਹਾ ਕਿ ਇਸ ਅਨਿਸ਼ਚਤਤਾ ਵਾਲੇ ਸਮੇਂ ਵਿਚ ਇਸ ਸਮਝੌਤੇ ਦਾ ਮਤਲਬ ਸਰਕਾਰ ਪੂਰਵ ਅਨੁਮਾਨ ਅਤੇ ਸਥਿਰਤਾ ਨਾਲ ਕੰਮ ਕਰ ਸਕਦੀ ਹੈ, ਬਜਟਾਂ ਨੂੰ ਪੇਸ਼ ਕਰ ਸਕਦੀ ਤੇ ਲਾਗੂ ਕਰ ਸਕਦੀ ਹੈ ਅਤੇ ਕੈਨੇਡੀਅਨਾਂ ਲਈ ਕੰਮ ਕਰ ਸਕਦੀ ਹੈ। ਐਨਡੀਪੀ ਦੀ ਹਮਾਇਤ ਬਦਲੇ ਲਿਬਰਲਸ ਉਨ੍ਹਾਂ ਪਰਿਵਾਰਾਂ ਲਈ ਨਵੇਂ ਡੈਂਟਲ ਕੇਅਰ ਪ੍ਰੋਗਰਾਮਾਂ ਲਈ ਸਹਿਮਤ ਹੋ ਗਈ ਜਿਨ੍ਹਾਂ ਦੀ ਇਕ ਸਾਲ ਵਿਚ ਕਮਾਈ 90000 ਡਾਲਰ ਤੋਂ ਘੱਟ ਹੈ ਅਤੇ ਪ੍ਰੋਗਰਾਮ ਦੀ ਸ਼ੁਰੂਆਤ ਇਸ ਸਾਲ ਦੇ ਅਖੀਰ ਵਿਚ ਬੱਚਿਆਂ ਨਾਲ ਹੋਵੇਗੀ। ਲਿਬਰਲਸ ਫਰਮਾਕੇਅਰ 'ਤੇ ਵੀ ਕਦਮ ਚੁੱਕਣਗੇ ਅਤੇ ਹੋਰ ਸਮਝੌਤਿਆਂ ਤਹਿਤ ਜੈਵਿਕ ਬਾਲਣ 'ਤੇ ਸਬਸਿਡੀਆਂ ਨੂੰ ਪੜਾਅ ਵਾਰ ਖਤਮ ਕੀਤਾ ਜਾਵੇਗਾ। ਐਨਡੀਪੀ ਦੇ ਆਗੂ ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਸਮਝੌਤਾ ਕੀਤਾ ਹੈ ਕਿਉਂਕਿ ਇਸ ਦੇ ਠੋਸ ਨਤੀਜੇ ਨਿਕਲਣਗੇ। ਅਸੀਂ ਲੋਕਾਂ ਦੀ ਮਦਦ ਲਈ ਆਪਣੀ ਤਾਕਤ ਦੀ ਵਰਤੋਂ ਕਰ ਰਹੇ ਹਾਂ। ਅਸੀਂ ਉਨ੍ਹਾਂ ਲੋਕਾਂ ਲਈ ਮਦਦ ਲੈ ਰਹੇ ਹਾਂ ਜਿਨ੍ਹਾਂ ਦੇ ਦੰਦ ਠੀਕ ਕਰਨ ਦੀ ਲੋੜ ਹੈ। ਅਸੀਂ ਉਨ੍ਹਾਂ ਲੋਕਾਂ ਲਈ ਦੀ ਮਦਦ ਪ੍ਰਾਪਤ ਕਰ ਰਹੇ ਹਾਂ ਜਿਨ੍ਹਾਂ ਨੂੰ ਦਵਾਈਆਂ ਖਰੀਦਣ ਦੀ ਲੋੜ ਹੈ ਪਰ ਉਹ ਇਨ੍ਹਾਂ ਦਾ ਭਾਰ



ਨਹੀਂ ਝੱਲ ਸਕਦੇ। ਅਸੀਂ ਉਨ੍ਹਾਂ ਲੋਕਾਂ ਲਈ ਮਦਦ ਪ੍ਰਾਪਤ ਕਰ ਰਹੇ ਹਾਂ ਜਿਨ੍ਹਾਂ ਨੂੰ ਆਪਣਾ ਘਰ ਹੋਣ ਦੀ ਲੋੜ ਹੈ ਪਰ ਉਹ ਇਸ ਦੇ ਸਮਰਥ ਨਹੀਂ। ਕੰਸਰਵੇਟਿਵ ਦੀ ਅੰਤਰਿਮ ਨੇਤਾ ਕੈਂਡਿਸ ਬਰਗਨ ਨੇ ਗੁਪਤ ਸਮਝੌਤੇ (ਬੈਕਰੂਮ ਡੀਲ) ਦੀ ਨਿਖੇਧੀ ਕੀਤੀ ਹੈ ਅਤੇ ਇਸ 'ਤੇ ਉਸ ਨੇ ਪ੍ਰਧਾਨ ਮੰਤਰੀ ਵਲੋਂ ਸੱਤਾ ਹਥਿਆਉਣ ਦਾ ਠੱਪਾ ਲਗਾਇਆ ਹੈ। ਕੈਨੇਡੀਅਨਾਂ ਨੂੰ ਐਨਡੀਪੀ-ਲਿਬਰਲ ਬਹੁਮਤ ਵਾਲੀ ਸਰਕਾਰ ਦੀ ਸਥਿਤੀ ਬਾਰੇ ਪਤਾ ਲੱਗ ਗਿਆ ਹੈ। ਮੇਰਾ ਖਿਆਲ ਹੈ ਕਿ ਸਾਨੂੰ ਉਨ੍ਹਾਂ ਬਾਰੇ ਪੂਰੀ ਤਰ੍ਹਾਂ ਜਾਨਣ ਦੀ ਲੋੜ ਹੈ। ਦੋਵਾਂ ਧਿਰਾਂ ਦੇ ਅੰਦਰਲੇ ਲੋਕਾਂ ਦਾ ਕਹਿਣਾ ਕਿ ਸਮਝੌਤੇ ਬਾਰੇ ਗੱਲਬਾਤ ਤਾਂ ਉਸ ਸਮੇਂ ਦੀ ਚਲ ਰਹੀ ਸੀ ਜਦੋਂ ਨਵੀਂ ਪਾਰਲੀਮੈਂਟ ਨੇ ਸਹੁੰ ਚੁੱਕੀ ਸੀ ਅਤੇ ਦੋਵੇਂ ਪਾਰਟੀਆਂ ਨੀਤੀਆਂ ਨੂੰ ਅੱਗੇ ਵਧਾਉਣ ਦਾ ਤਰੀਕਾ ਲੱਭ ਰਹੀਆਂ ਸਨ ਜਿਨ੍ਹਾਂ 'ਤੇ ਉਹ ਸਹਿਮਤ ਹੋ ਜਾਣ। ਇਹ ਗੱਲਬਾਤ ਕਦੇ ਕਦੇ ਟੁੱਟਦੀ ਵੀ ਰਹੀ ਪਰ ਜਨਵਰੀ ਵਿਚ ਪੂਰੇ ਜ਼ੋਰ ਸ਼ੋਰ ਨਾਲ ਸ਼ੁਰੂ ਹੋਈ *(ਬਾਕੀ ਸਫ਼ਾ 8 'ਤੇ)*

## ਕੀ ਖ਼ਾਸ ਹਨ ਡੈਂਟਲ ਕੇਅਰ ਤੇ ਫਰਮਾਕੇਅਰ ਪ੍ਰੋਗਰਾਮ

ਨਵਾਂ ਡੈਂਟਲ ਕੇਅਰ ਪ੍ਰੋਗਰਾਮ ਘੱਟ ਆਮਦਨ ਵਾਲੇ ਕੈਨੇਡਾ ਵਾਸੀਆਂ ਲਈ ਹੈ। ਇਸ ਨੂੰ 2022 ਦੇ ਅਖੀਰ ਵਿਚ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸ਼ੁਰੂ ਕਰਕੇ 2023 ਤਕ 18 ਸਾਲ ਤੋਂ ਘੱਟ ਉਮਰ ਦੇ ਕਿਸ਼ੋਰਾਂ, ਬਜ਼ੁਰਗਾਂ ਅਤੇ ਅਪਾਹਜ ਲੋਕਾਂ ਤਕ ਵਧਾਇਆ ਜਾਵੇਗਾ ਅਤੇ 2025 ਤਕ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਜਾਵੇਗਾ। ਸਾਲਾਨਾ 70000 ਡਾਲਰ ਤੋਂ ਘੱਟ ਕਮਾਈ ਕਰਨ ਵਾਲੇ ਵਿਅਕਤੀ ਨੂੰ ਇਸ ਲਈ ਸਹਿ-ਭੁਗਤਾਨ ਨਹੀਂ ਦੇਣਾ ਪਵੇਗਾ, ਭਾਵ ਕੋਈ ਪੈਸਾ ਨਹੀਂ ਦੇਣਾ ਪਵੇਗਾ। 2023 ਤੇ ਅੰਤ ਤਕ ਕੈਨੇਡਾ ਫਰਮਾਕੇਅਰ ਐਕਟ ਨੂੰ ਪਾਸ ਕਰਦੇ ਹੋਏ ਯੂਨੀਵਰਸਲ ਨੈਸ਼ਨਲ ਫਰਮਾਕੇਅਰ ਪ੍ਰੋਗਰਾਮ ਵੱਲ ਪ੍ਰਗਤੀ ਜਾਰੀ ਰਹੇਗੀ ਅਤੇ ਫਿਰ 2025 ਦੇ ਆਖਰ ਤਕ ਜ਼ਰੂਰੀ ਦਵਾਈਆਂ ਤੇ ਥੋਕ ਖਰੀਦ ਯੋਜਨਾ ਵਿਕਸਤ ਕਰਨ ਲਈ ਨੈਸ਼ਨਲ ਡਰੱਗ ਏਜੰਸੀ ਨੂੰ ਕੰਮ ਸੌਂਪਿਆ ਜਾਵੇਗਾ।

For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੁਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ - ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ - ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time
Pin to Pin (ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 13 SATURDAY, 26 MARCH, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਮੋਦੀ ਤੋਂ ਪੰਜਾਬ ਲਈ ਇਕ ਲੱਖ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਮੰਗੀ

## ਵਿਦੇਸ਼ੀ ਤਾਕਤਾਂ ਤੋਂ ਸੁਰੱਖਿਆ ਤੇ ਘੁਸਪੈਠ ਰੋਕਣ ਲਈ ਕੇਂਦਰ ਤੋਂ ਮੰਗਿਆ ਵਿਸ਼ੇਸ਼ ਸਹਿਯੋਗ



ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਅਰਥਚਾਰੇ ਦੀ ਸੁਰਜੀਤੀ ਦੇ ਨਾਲ-ਨਾਲ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਲੋਕਾਂ ਦੀ ਭਲਾਈ ਲਈ ਕੇਂਦਰ ਸਰਕਾਰ ਪਾਸੋਂ ਇਕ ਲੱਖ ਕਰੋੜ ਰੁਪਏ ਦੇ ਵਿਸ਼ੇਸ਼ ਵਿੱਤੀ ਪੈਕੇਜ ਦੀ ਮੰਗ ਕੀਤੀ ਹੈ। ਭਗਵੰਤ ਮਾਨ ਨੇ ਬੀਤੇ ਦਿਨ ਇੱਥੇ ਸੰਸਦ ਭਵਨ ਵਿਚ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਦੇ ਦਫ਼ਤਰ 'ਚ ਮੁਲਾਕਾਤ ਕੀਤੀ। ਸ੍ਰੀ ਮੋਦੀ ਨੂੰ ਸੂਬੇ ਦੀ ਤਰਸਯੋਗ ਵਿੱਤੀ ਹਾਲਤ ਬਾਰੇ ਜਾਣੂ ਕਰਵਾਉਂਦਿਆਂ ਭਗਵੰਤ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸੂਬੇ ਸਿਰ 3 ਲੱਖ ਕਰੋੜ ਰੁਪਏ ਦਾ ਕਰਜ਼ਾ ਛੱਡ ਗਈਆਂ ਹਨ। ਸੂਬੇ ਨੂੰ ਅਗਲੇ ਦੋ ਸਾਲਾਂ ਲਈ ਪ੍ਰਤੀ ਸਾਲ 50,000 ਕਰੋੜ ਰੁਪਏ ਦਾ ਵਿੱਤੀ ਪੈਕੇਜ ਤੁਰੰਤ ਦਿੱਤਾ ਜਾਵੇ ਤਾਂ ਜੋ ਲੀਹੋਂ ਲੱਥੀ ਆਰਥਿਕਤਾ ਮੁੜ ਲੀਹ ਉੱਤੇ ਲਿਆਂਦੀ ਜਾ ਸਕੇ। ਮੈਨੂੰ ਉਮੀਦ ਹੈ ਇਸ ਵਿੱਤੀ ਸਹਾਇਤਾ ਸਦਕਾ ਤੀਜੇ ਸਾਲ ਦੌਰਾਨ ਪੰਜਾਬ ਦਾ ਅਰਥਚਾਰਾ ਸਵੈ-ਨਿਰਭਰ ਅਤੇ ਵਿੱਤੀ ਪੱਖੋਂ ਸਥਿਰ ਹੋ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸੂਬੇ ਤੋਂ ਮਾਫੀਆ ਦਾ ਮੁਕੰਮਲ ਸਫਾਇਆ ਕਰਕੇ ਖਾਲੀ ਖਜ਼ਾਨਾ ਭਰਨ ਲਈ ਠੋਸ ਯਤਨ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ ਅਤੇ ਇੱਥੋਂ ਤੱਕ ਕਿ ਹੁਣ ਵੀ ਬਹਾਦਰ ਪੰਜਾਬੀ ਜਵਾਨ ਅੰਦਰੂਨੀ ਤੇ ਬਾਹਰੀ ਦੁਸ਼ਮਣਾਂ ਤੋਂ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਸੁਰੱਖਿਆ ਕਰਨ ਲਈ ਸਰਹੱਦਾਂ ਦੀ ਰਾਖੀ ਕਰ ਰਹੇ ਹਨ। ਪੰਜਾਬ ਦੇ ਸਰਹੱਦੀ ਸੂਬਾ ਹੋਣ ਦੇ ਸੰਦਰਭ 'ਚ ਕੌਮੀ ਸੁਰੱਖਿਆ ਦਾ ਇਕ ਹੋਰ ਅਹਿਮ ਮੁੱਦਾ ਚੁੱਕਦਿਆਂ ਭਗਵੰਤ ਮਾਨ ਨੇ ਸਰਹੱਦ ਪਾਰ ਦੀਆਂ ਆਧੁਨਿਕ ਤਕਨੀਕਾਂ ਨਾਲ ਲੈਸ ਦੁਸ਼ਮਣ ਤਾਕਤਾਂ ਦੇ ਯਤਨਾਂ ਨੂੰ ਨਾਕਾਮ ਕਰਨ ਲਈ ਕੇਂਦਰ ਸਰਕਾਰ ਦੇ ਖੁੱਲ੍ਹ ਦਿਲੇ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਇਹ ਭਰੋਸਾ ਦਿੱਤਾ ਕਿ ਪੰਜਾਬ ਵੱਲੋਂ ਇਸ ਸਬੰਧ ਵਿਚ ਕੇਂਦਰ ਨੂੰ ਹਰ ਬਣਦੀ ਸਹਾਇਤਾ ਦਿੱਤੀ ਜਾਵੇਗੀ। ਮੁੱਖ ਮੰਤਰੀ ਵੱਲੋਂ ਕੇਂਦਰ ਨੂੰ ਸੂਬੇ ਦੀਆਂ ਘੁਸਪੈਠ ਵਿਰੋਧੀ ਕਾਰਵਾਈਆਂ ਦਾ ਟਾਕਰਾ ਕਰਨ ਲਈ ਫੋਰਸਾਂ ਨੂੰ ਅਤਿ-ਆਧੁਨਿਕ ਤਕਨੀਕਾਂ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ ਗਈ। ਆਪਣੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪੰਜਾਬ ਨੂੰ ਮੁਲਕ ਦਾ ਮੋਹਰੀ ਸੂਬਾ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ ਅਤੇ ਵਿਸ਼ਵ ਪੱਧਰ ਉਤੇ ਮੁਲਕ ਦਾ ਨਾਮ ਵੀ ਰੋਸ਼ਨ ਹੋਵੇਗਾ। ਭਗਵੰਤ ਮਾਨ ਵੱਲੋਂ ਉਠਾਏ ਮਸਲਿਆਂ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਇਸ ਸਮੁੱਚੇ ਮਾਮਲੇ ਨੂੰ ਕੇਂਦਰੀ ਵਿੱਤ ਅਤੇ ਗ੍ਰਹਿ ਮੰਤਰਾਲਿਆਂ ਕੋਲ ਉਠਾਉਣਗੇ ਤਾਂ ਜੋ ਸੂਬੇ ਦੀ ਬਣਦੀ ਮਦਦ ਕੀਤੀ ਜਾ ਸਕੇ। ਇਸ ਦੌਰਾਨ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨੂੰ ਪੰਜਾਬ ਤੇ ਪੰਜਾਬੀ ਸੱਭਿਆਚਾਰ ਦੇ ਪ੍ਰਤੀਕ ਚਰਖਾ ਅਤੇ ਫੁਲਕਾਰੀ ਭੇਟ ਕੀਤੇ ਅਤੇ ਪ੍ਰਧਾਨ ਮੰਤਰੀ ਨੇ ਵੀ ਉਨ੍ਹਾਂ ਨੂੰ ਚੰਗੀ ਸਿਹਤ ਅਤੇ ਮੁੱਖ ਮੰਤਰੀ ਵਜੋਂ ਸਫ਼ਲ ਪਾਰੀ ਦੀ ਸ਼ੁਰੂਆਤ ਕਰਨ ਦੀ ਕਾਮਨਾ ਕੀਤੀ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services

ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza

ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਗੁਰਦੁਆਰਾ ਬਰੁੱਕਸਾਈਡ ਸਰੀ ਵਿਖੇ ਜੇਲ੍ਹ ਚਿੱਠੀਆਂ ਦੀ ਅਰੰਭਤਾ ਦਾ ਸ਼ਤਾਬਦੀ ਸਮਾਗਮ

ਸਰੀ, 24 ਮਾਰਚ (ਹਰਦਮ ਮਾਨ)- ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਲੋਂ ਲਿਖੀਆਂ ਜੇਲ੍ਹ ਚਿੱਠੀਆਂ ਦੀ ਅਰੰਭਤਾ ਦੀ ਸ਼ਤਾਬਦੀ ਦੇ ਸੰਬੰਧ ਵਿਚ ਦੀਵਾਨ ਸਜਾਏ ਗਏ। ਸਿੱਖ ਸੋਚ, ਸਿੱਖ ਵਿਰਸਾ ਤੇ ਵਿਰਾਸਤ ਉੱਤੇ ਲਗਾਤਾਰ ਪਹਿਰਾ ਦੇ ਰਹੇ ਸਿੱਖ ਜਗਤ ਵਿਚ ਜਾਣੇ ਪਹਿਚਾਣੇ ਤੇ ਸਤਿਕਾਰਯੋਗ ਵਿਦਵਾਨ ਜੈਤੇਗ ਸਿੰਘ ਅਨੰਤ ਮੁੱਖ ਬੁਲਾਰੇ ਵਜੋਂ ਹਾਜਰ ਹੋਏ ਅਤੇ ਉਨ੍ਹਾਂ ਦੇ ਚਿੱਠੀਆਂ ਦੇ ਅਰੰਭ ਦੀ ਸ਼ਤਾਬਦੀ ਦੇ ਸੰਬੰਧ ਵਿਚ ਇਤਹਾਸਕ ਤੱਥਾਂ ਨਾਲ ਖੋਜ ਭਰਪੂਰ ਵਿਚਾਰ ਦੀਵਾਨ ਹਾਲ ਵਿਚ ਹਾਜ਼ਰ ਸੰਗਤਾਂ ਨਾਲ ਸਾਂਝੇ ਕੀਤੇ। ਜੈਤੇਗ ਸਿੰਘ ਅਨੰਤ ਨੇ ਦੱਸਿਆ ਕਿ ਪੰਥ ਨੂੰ ਸਮਰਪਿਤ ਸਿੱਖ ਕੌਮ ਦੀ ਬੇਨਿਆਜ਼ ਹਸਤੀ ਭਾਈ ਸਾਹਿਬ ਭਾਈ ਰਣਧੀਰ ਸਿੰਘ 7 ਜੁਲਾਈ 1878 ਨੂੰ ਪਿਤਾ ਸ. ਨੱਥਾ ਸਿੰਘ ਤੇ ਮਾਤਾ




ਪੰਜਾਬ ਕੌਰ ਦੇ ਗ੍ਰਹਿ ਵਿਚ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਵਿਚ ਪੈਦਾ ਹੋਏ। ਉਹ ਸਿੱਖੀ ਵਿਰਾਸਤ ਵਿਚ ਮਿਲੀ ਬਾਣੀ ਤੇ ਬਾਣੇ, ਗੁਰੂ ਗ੍ਰੰਥ ਤੇ ਗੁਰੂ ਪੰਥ ਅਤੇ ਨਾਮ ਅਭਿਆਸੀ ਕੀਰਤਨ ਤੇ ਚਿੰਤਨ ਵਾਲੇ ਗੁਰਸਿੱਖ ਸਨ। ਬਰਤਾਨਵੀ ਸਰਕਾਰ ਵਿਰੁੱਧ 1915 ਵਿਚ ਗ਼ਦਰ ਦਾ ਜਦੋਂ ਬਿਗਲ ਵੱਜਿਆ ਤਾਂ ਭਾਈ ਸਾਹਿਬ ਮਾਲਵਾ ਖਾਲਸਾ ਸਕੂਲ ਭੁਝੰਗੀ ਸਭਾ ਸਮੇਤ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਹੋ ਗਏ। ਫਿਰੋਜ਼ਪੁਰ ਦਾ ਐਕਸ਼ਨ ਪਲੈਨ ਅਸਫਲ ਹੋਣ ਕਰਕੇ ਦੇਸ਼ ਭਰ ਵਿਚ ਫੜੋ ਫੜੀ ਦਾ ਦੌਰ ਸ਼ੁਰੂ ਹੋਇਆ ਤਾਂ ਭਾਈ ਸਾਹਿਬ ਰਣਧੀਰ ਸਿੰਘ ਨੂੰ 9 ਮਈ 1915 ਨੂੰ ਨਾਭੇ ਤੋਂ ਗ੍ਰਿਫਤਾਰ ਕਰ ਲਿਆ ਗਿਆ। 30 ਮਾਰਚ 1916 ਨੂੰ ਲਾਹੌਰ ਜੇਲ੍ਹ ਅੰਦਰ ਲਾਹੌਰ ਸਾਜ਼ਿਸ਼ ਕੇਸ ਮੜ੍ਹ ਕੇ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਤੇ ਕਾਲੇ ਪਾਣੀ ਭੇਜ ਦਿੱਤਾ ਗਿਆ ਸੀ। ਗਿਆਨੀ ਨਾਹਰ ਸਿੰਘ ਨੂੰ ਪੰਜ ਸਾਲ ਦੀ ਸਖਤ ਸਜ਼ਾ ਸੁਣਾਈ ਗਈ ਤੇ ਸਜ਼ਾ ਕੱਟ ਕੇ ਮਿੰਟਗੁਮਰੀ ਜੇਲ੍ਹ ਵਿਚੋਂ ਰਿਹਾ ਹੋ ਕੇ ਆਪਣੇ ਪਿੰਡ ਗੁਜਰਵਾਲ ਆ ਗਏ। ਆਂਧਰਾ ਪ੍ਰਦੇਸ਼ ਦੀ ਰਾਜ ਮੁੰਦਰੀ ਜੇਲ੍ਹ ਵਿਚੋਂ ਭਾਈ ਸਾਹਿਬ ਰਣਧੀਰ ਸਿੰਘ ਨੇ ਪਹਿਲੀ ਚਿੱਠੀ 19 ਮਾਚਰ 1922 ਨੂੰ ਲਿਖੀ। ਇਸ ਤਰ੍ਹਾਂ ਅੱਜ ਤੋਂ ਇੱਕ ਸੌ ਵਰ੍ਹਾ ਪਹਿਲਾਂ ਜੇਲ੍ਹ ਚਿੱਠੀਆਂ ਰਾਹੀਂ ਰਾਬਤਾ ਸ਼ੁਰੂ ਹੋਇਆ ਅਤੇ 1925 ਤੱਕ ਪਹੁੰਚਿਆ। ਗਿਆਨੀ ਨਾਹਰ ਸਿੰਘ ਨੇ ਬੜੀ ਹੀ ਸਾਵਧਾਨੀ ਨਾਲ ਵਰ੍ਹਿਆਂ ਬੱਧੀ ਇਹਨਾਂ ਜੇਲ੍ਹ ਚਿੱਠੀਆਂ ਨੂੰ ਹਾਕਮਾਂ ਤੇ ਸੂਹਿਆਂ ਤੋਂ ਛੁਪਾ ਕੇ ਸੰਭਾਲ ਕੇ ਰੱਖਿਆ। ਸੰਨ 1936 ਵਿਚ ਪਹਿਲਾ, ਫਿਰ ਦੂਜਾ, ਫਿਰ ਤੀਜਾ ਹਿੱਸਾ 1938 ਵਿਚ ਤਿੰਨ ਕਿਸ਼ਤਾਂ ਵਿਚ ਛਾਪੇ ਅਤੇ 1956 ਵਿਚ ਤਿੰਨੋਂ ਹਿੱਸੇ ਇਕੱਠੇ ਕਰਕੇ ਪ੍ਰਕਾਸ਼ਤ ਕੀਤੇ। ਜੇਲ੍ਹ ਚਿਠੀਆਂ ਭਾਈ ਸਾਹਿਬ ਰਣਧੀਰ ਸਿੰਘ ਦਾ ਅਦੁੱਤੀ ਸ਼ਾਹਕਾਰ ਹੈ ਜਿਸ ਨੂੰ ਪੜ੍ਹ ਕੇ ਪਾਠਕਾਂ ਨੂੰ ਨਵੀਂ ਜਗਿਆਸਾ ਦੀ ਪ੍ਰੇਰਨਾ ਮਿਲਦੀ ਹੈ ਤੇ ਮਾਰਗ ਦਰਸ਼ਨ ਹੁੰਦਾ ਹੈ। ਇਸ ਮੌਕੇ ਬੋਲਦਿਆਂ ਗੁਰਦੁਆਰਾ ਬਰੁੱਕ ਸਾਈਡ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਜੇਲ੍ਹ ਚਿੱਠੀਆਂ ਦੀ ਆਰੰਭਤਾ ਦੀ ਸ਼ਤਬਦੀ ਤੇ ਅੱਜ ਅਸੀਂ ਭਾਈ ਸਾਹਿਬ ਰਣਧੀਰ ਸਿੰਘ ਤੇ ਗਿਆਨੀ ਨਾਹਰ ਸਿੰਘ ਦੀ ਸਖਸ਼ੀਅਤ ਨੂੰ ਨਤਮਸਤਕ ਹੁੰਦੇ ਹਾਂ। ਗੁਰਦੁਆਰਾ ਸਾਹਿਬ ਬਰੁਕਸਾਈਡ ਦੀ ਸੰਗਤ ਅਤੇ ਕਮੇਟੀ ਵਿਰਸਾ ਅਤੇ ਵਿਰਾਸਤ ਨੂੰ ਉਜਾਗਰ ਕਰਨ ਤੇ ਰੱਖਣ ਵਿਚ ਮਾਣ ਮਹਿਸੂਸ ਕਰਦੀ ਹੈ। ਅੱਜ ਇਸ ਨਾਮ ਅਭਿਆਸੀ ਅਤੇ ਚਿੰਤਕ ਦਾ ਦਿਨ ਗੁਰਦੁਆਰਾ ਸਾਹਿਬ ਵਿਚ ਮਨਾਉਣ ਦਾ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਨੂੰ ਦਾ ਮੌਕਾ ਮਿਲਿਆ ਹੈ ਤੇ ਪ੍ਰਬੰਧਕ ਕਮੇਟੀ ਆਸਵੰਦ ਹੈ ਕਿ ਸਿੱਖ ਕੌਮ ਦੇ ਹੋਰ ਵੀ ਪਤਵੰਤਿਆਂ, ਹੀਰਿਆਂ ਤੇ ਯੋਧਿਆਂ ਨੂੰ ਯਾਦ ਕਰਨ ਦੀ ਕੋਸ਼ਿਸ਼ ਜਾਰੀ ਰਹੇਗੀ। ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਪ੍ਰਧਾਨ ਧਰਮ ਸਿੰਘ ਪਨੇਸਰ, ਸਕੱਤਰ ਚਰਨਜੀਤ ਸਿੰਘ, ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਅਤੇ ਹੋਰ ਅਹੁਦੇਦਾਰਾਂ ਨੇ ਜੈਤੇਗ ਸਿੰਘ ਅਨੰਤ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।



TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)

Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
License No. 562

MORTGAGE
If you are paying more than
1.75%*
5 YEARS VARIABLE RATE
*Conditions Apply. Rates subject to change without notice. It is for the Principal house.
Call us NOW to Lower your Rate!
GET CASH BACK UP TO
$3000*

RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.

SHARNJIT GILL, AMP
604 507 1000
SURREY
Unit 244 8138 128 St
www.quickapproval.ca

JJB
INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |


*RATES SUBJECT TO CHANGE WITHOUT ANY NOTICE
HOUSE INSURANCE
UP TO
65%
DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇਂਸ਼ੋਰੈਂਸ ਲਈ ਵਧੀਆ ਰੇਟ
ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਪੰਜਾਬ ਤੋਂ ਰਾਘਵ ਚੱਡਾ, ਸੰਦੀਪ ਪਾਠਕ, ਸੰਜੀਵ ਅਰੋੜਾ, ਅਸ਼ੋਕ ਮਿੱਤਲ ਤੇ ਕ੍ਰਿਕਟਰ ਹਰਭਜਨ ਸਿੰਘ ਬਿਨਾਂ ਮੁਕਾਬਲਾ ਰਾਜ ਸਭਾ ਮੈਂਬਰ ਚੁਣੇ ਗਏ

## ਪੰਜਾਬ ਤੋਂ ਬਾਹਰਲੇ ਰਾਜ ਸਭਾ ਮੈਂਬਰ ਬਣਾਉਣ ਲਈ ਆਮ ਆਦਮੀ ਪਾਰਟੀ ਨੂੰ ਅਲੋਚਨਾ ਦਾ ਸਾਹਮਣਾ

ਚੰਡੀਗੜ੍ਹ-ਪੰਜਾਬ ਵਿੱਚ ਰਾਜ ਸਭਾ ਦੀਆਂ ਪੰਜ ਸੀਟਾਂ 'ਤੇ ਆਮ ਆਦਮੀ ਪਾਰਟੀ (ਆਪ) ਦੇ ਪੰਜ ਉਮੀਦਵਾਰ ਬਿਨਾਂ ਮੁਕਾਬਲਾ ਜਿੱਤ ਗਏ ਹਨ। ਇਸ ਗੱਲ ਦਾ ਪ੍ਰਗਟਾਵਾ ਰਾਜ ਸਭਾ ਚੋਣਾਂ ਦੇ ਆਬਜ਼ਰਵਰ ਡਾ. ਐੱਸ. ਕਰੁਣਾ ਰਾਜੂ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਰਾਜ ਸਭਾ ਦੇ ਉਮੀਦਵਾਰ ਡਾ. ਸੰਦੀਪ ਕੁਮਾਰ ਪਾਠਕ ਅਤੇ ਰਾਘਵ ਚੱਢਾ, ਹਰਭਜਨ ਸਿੰਘ, ਅਸ਼ੋਕ ਮਿੱਤਲ ਅਤੇ ਸੰਜੀਵ ਅਰੋੜਾ ਬਿਨਾਂ ਮੁਕਾਬਲਾ ਜੇਤੂ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਬਾਰੇ ਰਿਪੋਰਟ ਭਾਰਤ ਦੇ ਚੋਣ ਕਮਿਸ਼ਨ ਨੂੰ ਭੇਜ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ, 'ਆਪ' ਦੇ ਪੰਜਾਂ ਉਮੀਦਵਾਰਾਂ ਨੇ 21 ਮਾਰਚ ਨੂੰ ਆਪਣੇ ਨਾਮਜ਼ਜਦੀ ਪੱਤਰ ਦਾਖ਼ਲ ਕੀਤੇ ਸਨ। ਜਦੋਂਕਿ 24 ਮਾਰਚ ਕਾਗਜ਼ ਵਾਪਸ ਲੈਣ ਦੀ ਆਖ਼ਰੀ ਤਰੀਕ ਸੀ। ਕਿਸੇ ਹੋਰ ਸਿਆਸੀ ਪਾਰਟੀ ਦੇ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਨਾ ਕਰਨ ਅਤੇ ਸ਼ਾਮ ਤਿੰਨ ਵਜੇ ਤੱਕ 'ਆਪ' ਦੇ ਪੰਜਾਂ ਉਮੀਦਵਾਰਾਂ ਵੱਲੋਂ ਕਾਗਜ਼ ਵਾਪਸ ਨਾ ਲਏ ਜਾਣ ਕਾਰਨ ਇਨ੍ਹਾਂ ਨੂੰ ਬਗੈਰ ਮੁਕਾਬਲਾ ਜੇਤੂ ਕਰਾਰ ਦਿੱਤਾ ਗਿਆ। ਦੱਸਣਯੋਗ ਹੈ ਕਿ ਸੰਸਦ ਦੇ ਉਪਰਲੇ ਸਦਨ ਵਿੱਚ ਖਾਲੀ ਹੋਈਆਂ ਇਨ੍ਹਾਂ ਪੰਜ ਸੀਟਾਂ ਲਈ ਚੋਣਾਂ 31 ਮਾਰਚ ਨੂੰ ਹੋਣੀਆਂ ਹਨ। ਪੰਜਾਬ ਨਾਲ ਸਬੰਧਤ ਪੰਜ ਰਾਜ ਸਭਾ ਮੈਂਬਰਾਂ 'ਚ ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋਂ, ਸ਼ਵੇਤ ਮਲਿਕ, ਨਰੇਸ਼ ਗੁਜਰਾਲ ਤੇ ਸੁਖਦੇਵ ਸਿੰਘ ਢੀਂਡਸਾ ਦਾ ਕਾਰਜਕਾਲ 9 ਅਪਰੈਲ ਨੂੰ ਖ਼ਤਮ ਹੋ ਰਿਹਾ ਹੈ, ਜਦੋਂਕਿ ਦੋ ਹੋਰਨਾਂ ਰਾਜ ਸਭਾ ਮੈਂਬਰਾਂ ਬਲਵਿੰਦਰ ਸਿੰਘ ਭੂੰਦੜ ਤੇ ਅੰਬਿਕਾ ਸੋਨੀ ਦਾ ਕਾਰਜਕਾਲ 4 ਜੁਲਾਈ ਨੂੰ ਖ਼ਤਮ ਹੋਵੇਗਾ।



### ਰਾਘਵ ਚੱਢਾ ਹੋਵੇਗਾ ਸਭ ਤੋਂ ਛੋਟੀ ਉਮਰ ਦਾ ਰਾਜ ਸਭਾ ਮੈਂਬਰ

ਰਾਜ ਸਭਾ ਵਿੱਚ ਉਕਤ ਪੰਜ ਉਮੀਦਵਾਰਾਂ ਦੀ ਚੋਣ ਹੋਣ ਉਪਰੰਤ 'ਆਪ' ਦੇ ਪੰਜਾਬ ਮਾਮਲਿਆਂ ਦੇ ਸਹਿ ਇੰਚਾਰਜ ਅਤੇ ਦਿੱਲੀ ਤੋਂ ਵਿਧਾਇਕ 33 ਸਾਲਾ ਰਾਘਵ ਚੱਢਾ ਸਭ ਤੋਂ ਛੋਟੀ ਉਮਰ ਦੇ ਰਾਜ ਸਭਾ ਮੈਂਬਰ ਹੋਣਗੇ। ਪੰਜਾਬ ਚੋਣਾਂ ਵਿੱਚ ਪਾਰਟੀ ਦੀ ਸਿਆਸੀ ਰਣਨੀਤੀਕਾਰ ਡਾ. ਸੰਦੀਪ ਪਾਠਕ (43), ਸਾਬਕਾ ਕ੍ਰਿਕਟਰ ਹਰਭਜਨ ਸਿੰਘ ਭੱਜੀ (41), ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲਪੀਯੂ) ਦੇ ਚਾਂਸਲਰ ਅਸ਼ੋਕ ਮਿੱਤਲ (58) ਅਤੇ ਲੁਧਿਆਣਾ ਦੇ ਪ੍ਰਸਿੱਧ ਉਦਯੋਗਪਤੀ ਸੰਜੀਵ ਅਰੋੜਾ (58) ਸਾਲਾਂ ਦੇ ਹਨ।

### ਰਾਘਵ ਚੱਡਾ ਤੇ ਸੰਦੀਪ ਪਾਠਕ ਕੌਣ ਹਨ ?

ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੀਆਂ ਰਾਜ ਸਭਾ ਚੋਣਾਂ ਲਈ ਐਲਾਨੇ ਉਮੀਦਵਾਰਾਂ 'ਚੋਂ ਦੋ ਰਾਘਵ ਚੱਢਾ ਅਤੇ ਸੰਦੀਪ ਪਾਠਕ ਦਿੱਲੀ ਨਾਲ ਸਬੰਧਤ ਹਨ। ਰਾਘਵ ਚੱਢਾ ਰਾਜ ਸਭਾ ਦੇ ਮੌਜੂਦਾ ਮੈਂਬਰਾਂ 'ਚੋਂ ਸਭ ਤੋਂ ਨੌਜਵਾਨ ਹੋਣਗੇ। 11 ਨਵੰਬਰ 1988 ਨੂੰ ਜਨਮੇ ਤੇ ਨਵੀਂ ਦਿੱਲੀ ਵਿੱਚ ਵੱਡੇ ਹੋਏ ਰਾਘਵ ਚੱਢਾ ਨੇ ਆਪਣੀ ਸਕੂਲੀ ਪੜ੍ਹਾਈ ਕੌਮੀ ਰਾਜਧਾਨੀ ਦੇ ਮਾਡਰਨ ਸਕੂਲ, ਬਾਰਾਖੰਬਾ ਰੋਡ ਤੋਂ ਪ੍ਰਾਪਤ ਕੀਤੀ ਤੇ ਦਿੱਲੀ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ। ਫਿਰ ਇੰਸਟੀਚਿਊਟ ਆਫ ਚਾਰਟਰਡ ਅਕਾਊਂਟਸ ਆਫ ਇੰਡੀਆ ਤੋਂ ਚਾਰਟਰਡ ਅਕਾਊਂਟੈਂਸੀ ਦੀ ਪੜ੍ਹਾਈ ਕੀਤੀ, ਜਿਸ ਤੋਂ ਬਾਅਦ ਉਹ 'ਲੰਡਨ ਸਕੂਲ ਆਫ ਇਕਨਾਮਿਕਸ' ਚਲੇ ਗਏ। 2018 ਵਿੱਚ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦਾ ਕੌਮੀ ਖਜ਼ਾਨਚੀ ਨਿਯੁਕਤ ਕੀਤਾ ਗਿਆ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਉਹ ਭਾਜਪਾ ਉਮੀਦਵਾਰ ਰਮੇਸ਼ ਬਿਧੂੜੀ ਤੋਂ ਹਾਰ ਗਏ ਸਨ। ਫਰਵਰੀ 2020 ਵਿੱਚ ਉਨ੍ਹਾਂ ਦਿੱਲੀ ਵਿਧਾਨ ਸਭਾ ਚੋਣ ਵਿੱਚ ਰਾਜੇਂਦਰ ਨਗਰ ਤੋਂ ਚੋਣ ਲੜੀ ਤੇ ਭਾਜਪਾ ਦੇ ਉਮੀਦਵਾਰ ਆਰਪੀ ਸਿੰਘ ਵਿਰੁੱਧ ਜਿੱਤ ਪ੍ਰਾਪਤ ਕੀਤੀ। ਚੋਣਾਂ ਤੋਂ ਬਾਅਦ ਉਨ੍ਹਾਂ ਨੂੰ ਦਿੱਲੀ ਜਲ ਬੋਰਡ (ਡੀਜੇਬੀ) ਦਾ ਉੱਪ ਚੇਅਰਮੈਨ ਨਿਯੁਕਤ ਕੀਤਾ ਗਿਆ।

ਇਸੇ ਤਰ੍ਹਾਂ ਕੈਂਬਰਿਜ ਯੂਨੀਵਰਸਿਟੀ ਤੋਂ ਪੀ ਐੱਚ ਡੀ ਕਰਨ ਵਾਲੇ ਡਾ. ਸੰਦੀਪ ਪਾਠਕ ਛੱਤੀਸਗੜ੍ਹ ਦੇ ਮੁੰਗੇਲੀ ਜ਼ਿਲ੍ਹੇ ਦੇ ਲੋਰਮੀ ਦੇ ਰਹਿਣ ਵਾਲੇ ਹਨ। ਉਹ ਹੁਣ ਆਈਆਈਟੀ ਦਿੱਲੀ ਵਿੱਚ ਪ੍ਰੋਫੈਸਰ ਹਨ। ਸੰਦੀਪ ਦੇ ਪਿਤਾ ਸ਼ਿਵ ਕੁਮਾਰ ਪਾਠਕ ਇੱਕ ਕਿਸਾਨ ਹਨ। 4 ਅਕਤੂਬਰ 1979 ਨੂੰ ਜਨਮੇ ਸੰਦੀਪ ਪਰਿਵਾਰ ਦੇ ਸਭ ਤੋਂ ਵੱਡੇ ਪੁੱਤਰ ਹਨ। ਉਨ੍ਹਾਂ ਦਾ ਭਰਾ ਪ੍ਰਦੀਪ ਪਾਠਕ ਅਤੇ ਭੈਣ ਪ੍ਰਤਿਭਾ ਪਾਠਕ ਸੰਦੀਪ ਤੋਂ ਛੋਟੇ ਹਨ। ਉਨ੍ਹਾਂ ਆਪਣੀ ਮੁੱਢਲੀ ਪੜ੍ਹਾਈ ਲੋਰਮੀ ਤੋਂ ਕੀਤੀ। ਇਸ ਤੋਂ ਬਾਅਦ ਉਹ ਅਗਲੇਰੀ ਪੜ੍ਹਾਈ ਲਈ ਬਿਲਾਸਪੁਰ ਚਲੇ ਗਏ। ਕਾਲਜ ਦੀ ਪੜ੍ਹਾਈ ਹੈਦਰਾਬਾਦ ਤੋਂ ਕੀਤੀ ਅਤੇ ਕੈਂਬਰਿਜ ਯੂਨੀਵਰਸਿਟੀ, ਲੰਡਨ ਤੋਂ ਮਾਸਟਰ ਡਿਗਰੀ ਅਤੇ ਪੀਐੱਚਡੀ ਕੀਤੀ। ਕਰੀਬ ਛੇ ਸਾਲ ਉੱਥੇ ਰਹਿਣ ਤੋਂ ਬਾਅਦ ਉਹ ਦੇਸ਼ ਪਰਤੇ। ਉਨ੍ਹਾਂ ਨੂੰ 'ਆਪ' ਦਾ 'ਚਾਣਕਿਆ' ਕਿਹਾ ਜਾਂਦਾ ਹੈ। ਪਾਰਟੀ ਸੂਤਰਾਂ ਅਨੁਸਾਰ ਉਹ ਕਈ ਸਾਲਾਂ ਤੋਂ ਪਾਰਟੀ ਲਈ 'ਪਰਦੇ ਦੇ ਪਿੱਛਿਓਂ' ਕੰਮ ਕਰ ਰਹੇ ਹਨ।


ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S Jewellers Ltd.

Authorized Dealer
20% OFF SEIKO, PULSAR
ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off




Surjit S. Kanda * Avtar S. Kanda
604.582.5849
9269 - 120 St. Delta BC V4C 6R8



DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

# ਪ੍ਰਧਾਨ ਜੀ ਦੀ ਹਾਏ ਪ੍ਰਧਾਨਗੀ...!

ਸੁਖਵਿੰਦਰ ਸਿੰਘ ਚੋਹਲਾ

ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਬਾਗੀ ਤਬੀਅਤ ਪੰਜਾਬੀਆਂ ਨੇ ਜਿਥੇ ਰਵਾਇਤੀ ਪਾਰਟੀਆਂ ਦੇ ਵਿਰੋਧ ਵਿਚ ਭੁਗਤਦਿਆਂ ਆਮ ਆਦਮੀ ਪਾਰਟੀ ਦੀ ਅਣਕਿਆਸੀ ਜਿੱਤ ਦਾ ਨਵਾਂ ਇਤਿਹਾਸ ਸਿਰਜਿਆ ਉਥੇ ਅਕਾਲੀ ਦਲ ਤੇ ਕਾਂਗਰਸ ਨੂੰ ਆਪਾ ਪੜਚੋਲ ਲਈ ਵੀ ਮਜ਼ਬੂਰ ਕਰ ਦਿੱਤਾ ਹੈ। ਰਵਾਇਤੀ ਪਾਰਟੀਆਂ ਜੋ ਆਮ ਆਦਮੀ ਪਾਰਟੀ ਨੂੰ ਪੰਜਾਬ ਤੋਂ ਬਾਹਰਲੀ 'ਧਾੜਵੀ ਪਾਰਟੀ' ਤੇ ਪੰਜਾਬ ਨੂੰ ਲੁੱਟਣ ਦੇ ਮਨਸੂਬੇ ਘੜਨ ਵਾਲੇ ਕੇਜਰੀਵਾਲ ਤੇ ਉਸਦੇ ਸਾਥੀਆਂ ਨੂੰ 'ਕਾਲੇ ਅੰਗਰੇਜ਼' ਵਜੋਂ ਤੁਲਨਾਉਂਦੇ ਪੰਜਾਬ ਦੇ ਲੋਕਾਂ ਨੂੰ ਜਾਗਣ ਦਾ ਸੱਦਾ ਦੇ ਰਹੇ ਸਨ, ਨੂੰ ਇਹ ਕਦਾਚਿਤ ਉਮੀਦ ਨਹੀ ਸੀ ਕਿ ਪੰਜਾਬੀ ਵੋਟਰਾਂ ਦੇ ਮਨਾਂ ਵਿਚ ਉਹਨਾਂ ਪ੍ਰਤੀ ਗੁੱਸਾ, ਨਫਰਤ ਦੀ ਇਸ ਹੱਦ ਤੀਕ ਹੈ। ਰਵਾਇਤੀ ਪਾਰਟੀਆਂ ਤੋਂ ਅੱਕੇ ਥੱਕੇ ਲੋਕਾਂ ਨੇ ਉਹ ਕੁਝ ਕਰ ਵਿਖਾਇਆ ਜਿਸਦੀ ਸਿਆਸੀ ਪੰਡਿਤਾਂ ਨੂੰ ਕੋਈ ਉਮੀਦ ਨਹੀ ਸੀ।

ਭਾਰਤੀ ਸਿਆਸਤ ਵਿਚ ਇਕ ਨਵੀਂ ਉਮੀਦ ਨਾਲ ਉਭਰੇ ਆਪ ਸੁਪਰੀਮੋ ਕੇਜਰੀਵਾਲ ਦੀਆਂ ਆਮ ਲੋਕਾਂ ਨੂੰ ਕਾਇਲ ਕਰਦੀਆਂ ਦਲੀਲਾਂ ਦੇ ਨਾਲ ਪੰਜਾਬ ਦੇ ਇਕ ਆਮ ਘਰ ਦੇ ਮੁੰਡੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਵਜੋਂ ਤਸਲੀਮ ਕਰਨ ਤੇ ਇਕ ਸੁਪਨੇ ਦੇ ਸੱਚ ਹੋਣ ਨੂੰ ਸਿਆਸੀ ਕਾਰੋਬਾਰੀਆਂ ਲਈ ਹਜ਼ਮ ਕਰਨਾ ਸਹਿਜ ਨਹੀ।

ਭਾਰਤ ਵਰਗਾ ਮੁਲਕ ਜਿਥੇ ਅੱਜ ਵੀ ਵੋਟ ਰਾਜਨੀਤੀ ਨੂੰ ਧਰਮ, ਜਾਤ, ਖੇਤਰ ਤੇ ਮਨੁੱਖ ਦੀਆਂ ਲੋੜਾਂ ਥੁੜਾਂ ਤੇ ਲਾਲਚਾਂ ਨਾਲ ਜੋੜਕੇ ਵੇਖਿਆ ਜਾਂਦਾ ਹੈ, ਉਥੇ ਪੰਜਾਬ ਦੇ ਲੋਕਾਂ ਵਲੋਂ ਵਿਖਾਈ ਗਈ ਵੋਟ ਤਾਕਤ ਪੂਰੇ ਮੁਲਕ ਲਈ ਇਕ ਮਿਸਾਲ ਹੈ। ਪੰਜਾਬ ਦੀ ਸਿਆਸਤ ਨੂੰ ਸਮਝਣ ਦਾ ਦਾਅਵਾ ਕਰਨ ਵਾਲੇ ਸਿਆਸੀ ਵਿਸ਼ਲੇਸ਼ਕ ਵੀ ਲਟਕਵੀਂ ਵਿਧਾਨ ਸਭਾ ਦੀ ਪੇਸ਼ੀਨਗੋਈ ਕਰਦਿਆਂ, ਹੈਰਾਨਕੁੰਨ ਚੋਣ ਨਤੀਜਿਆਂ ਉਪਰੰਤ ਖੁਦ ਨੂੰ ਛਿੱਥੇ ਪਏ ਮਹਿਸੂਸ ਕਰ ਰਹੇ ਹਨ।

ਪੰਜਾਬ ਦੇ ਵੋਟਰਾਂ ਨੇ ਸਿਆਸੀ ਪਾਰਟੀਆਂ ਦੇ ਲੋਭ ਲਾਲਚਾਂ ਨੂੰ ਤਜਦਿਆਂ, ਵੋਟ ਰਾਹੀਂ 'ਸਿਆਸੀ ਇਨਕਲਾਬ' ਦੀ ਸੰਭਾਵਨਾ ਨੂੰ ਸੱਚ ਕਰ ਵਿਖਾਇਆ ਹੈ। ਝੰਡਾ, ਡੰਡਾ ਤੇ ਪੈਸਾ ਰਵਾਇਤੀ ਪਾਰਟੀਆਂ ਦਾ ਪਰ ਵੋਟ ਰਹੀ 'ਆਪ' ਦੀ। ਇਹ ਵੱਖਰੀ ਗੱਲ ਹੈ ਕਿ ਜਿਸ ਪਾਰਟੀ ਪ੍ਰਤੀ ਉਹਨਾਂ ਨੇ ਇਤਨਾ ਵੱਡਾ ਵਿਸ਼ਵਾਸ ਪ੍ਰਗਟਾਇਆ ਹੈ, ਉਹ ਲੋਕ ਇਛਾਵਾਂ 'ਤੇ ਪੂਰਾ ਉਤਰਦੀ ਹੈ ਜਾਂ ਨਹੀ ਪਰ ਇਸ ਦੌਰਾਨ ਰਵਾਇਤੀ ਪਾਰਟੀਆਂ ਵਿਚਾਲੇ ਲੀਡਰਸ਼ਿਪ ਦੀ ਸਮਰੱਥਾ ਨੂੰ ਲੈਕੇ ਜਿਵੇ ਦਾ ਘਮਾਸਾਨ ਹੈ, ਉਹ ਵੀ ਆਪਣੇ ਆਪ ਵਿਚ 'ਇਨਕਲਾਬੀ' ਵਰਤਾਰਾ ਹੈ।

ਆਲ ਇੰਡੀਆ ਕਾਂਗਰਸ ਪਾਰਟੀ ਜੋ ਕਿ ਪੰਜਾਬ ਤੋਂ ਇਲਾਵਾ ਦੂਸਰੇ ਚਾਰ ਰਾਜਾਂ ਵਿਚ ਵੀ ਕੋਈ ਖੋਹਣ ਨਹੀ ਖੋਹ ਸਕੀ, ਪਰ ਉਸਨੂੰ ਪੰਜਾਬ ਵਿਚ ਖੇਡੇ ਗਏ ਦਲਿਤ ਪੱਤੇ ਲਈ ਸ਼ਾਇਦ ਵਧੇਰੇ ਖੇਦ ਰਹੇਗਾ। ਦਲਿਤ ਪੱਤੇ ਦੇ ਨਾਮ ਹੇਠ ਖੇਡੀ ਗਈ ਇਸ ਖੇਡ ਨੇ ਉਸਦੀ ਆਪਣੀ ਖੇਡ ਹੀ ਵਿਗਾੜ ਛੱਡੀ। ਪਾਰਟੀ ਮੁੱਖੀ ਵਲੋਂ ਪ੍ਰਦੇਸ਼ ਪ੍ਰਧਾਨਾਂ ਤੋਂ ਮੰਗੇ ਅਸਤੀਫਿਆਂ ਉਪਰੰਤ



ਨਵਜੋਤ ਸਿੰਘ ਸਿੱਧੂ ਭਾਵੇਂ ਆਪਣੇ ਆਪਨੂੰ ਫਾਰਗ ਸਮਝ ਰਹੇ ਹੋਣ ਪਰ ਬਹੁਤੇ ਪਾਰਟੀ ਆਗੂ ਅੱਜ ਉਸੇ ਖਿਲਾਫ ਕਤਾਰ ਵਿਚ ਖੜੇ ਹਨ। ਸਾਬਕਾ ਪ੍ਰਧਾਨ ਸੁਨੀਲ ਜਾਖੜ ਦਲਿਤ ਬਨਾਮ ਹਿੰਦੂ ਪੱਤਾ ਖੇਡਣ ਉਪਰੰਤ ਹੁਣ ਖੁੱਲੇਆਮ ਦੋਸ਼ ਲਗਾਉਣ ਲੱਗੇ ਹਨ ਕਿ ਕਾਂਗਰਸ ਹਾਈਕਮਾਨ ਨੇ ਜਿਸ ਵਿਅਕਤੀ ਨੂੰ ਗਰੀਬ ਦਲਿਤ ਵਜੋਂ ਉਭਾਰਦਿਆਂ ਦਲਿਤ ਪੱਤਾ ਖੇਡਣ ਦਾ ਯਤਨ ਕੀਤਾ , ਉਹ ਆਗੂ ਨਾ ਤਾਂ ਗਰੀਬ ਸੀ ਤੇ ਨਾ ਹੀ ਇਮਾਨਦਾਰ । ਉਧਰ ਕਾਂਗਰਸ ਦੀ 5 ਰਾਜਾਂ ਵਿਚ ਮਾੜੀ ਕਾਰਗੁਜ਼ਾਰੀ ਦੇ ਬਾਵਜੂਦ ਗਾਂਧੀ ਪਰਿਵਾਰ ਲੀਡਰਸ਼ਿਪ ਦੇ ਮੁਲਾਂਕਣ ਲਈ ਤਿਆਰ ਨਹੀਂ। ਸੀਨੀਅਰ ਆਗੂ ਕਪਿਲ ਸਿਬਲ ਵਲੋਂ ਲੀਡਰਸ਼ਿਪ ਉਪਰ ਸਵਾਲ ਖੜੇ ਕਰਨ ਉਪਰੰਤ ਗੁਲਾਮ ਨਬੀ ਆਜ਼ਾਦ ਸੋਨੀਆ ਗਾਂਧੀ ਨਾਲ ਮੁਲਾਕਾਤ ਉਪਰੰਤ ਢਿੱਲੇ ਪੈ ਗਏ ਹਨ। ਹੁਣ ਉਹਨਾਂ ਨੂੰ ਸੋਨੀਆ ਗਾਂਧੀ ਦੀ ਅਗਵਾਈ ਵਿਚ ਕੋਈ ਬੁਰਾਈ ਨਜ਼ਰ ਨਹੀ ਆਉਂਦੀ।

ਕਾਂਗਰਸ ਹਾਈਕਮਾਨ ਵਾਂਗ ਇਧਰ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਕਾਬਜ਼ ਬਾਦਲ ਪਰਿਵਾਰ ਵੀ ਆਪਣੀ ਪਕੜ ਛੱਡਣ ਲਈ ਤਿਆਰ ਨਹੀਂ। ਚੋਣਾਂ ਵਿਚ ਪਾਰਟੀ ਦੀ ਨਮੋਸ਼ੀਜਨਕ ਹਾਰ ਉਪਰੰਤ ਉਮੀਦ ਕੀਤੀ ਜਾ ਰਹੀ ਸੀ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੈਤਿਕ ਆਧਾਰ ਉਪਰ ਪ੍ਰਧਾਨਗੀ ਤੋਂ ਅਸਤੀਫਾ ਦੇਣ ਦੀ ਪੇਸ਼ਕਸ਼ ਕਰਨਗੇ ਪਰ ਉਹਨਾਂ ਨੇ ਇਸ ਨੈਤਿਕਤਾ ਨੂੰ ਵੀ 'ਬੇਅਦਬੀਆਂ ਤੇ ਹੋਰ ਮਸਲਿਆਂ' ਵਾਂਗ 'ਸਿਆਸੀ ਚਲਾਕੀਆਂ' ਵਿਚ ਉਲਝਾ ਦਿੱਤਾ ਹੈ। ਖਬਰਾਂ ਹਨ ਕਿ ਉਹਨਾਂ ਨੇ ਪਾਰਟੀ ਹਾਈਕਮਾਨ ਦੀ ਮੀਟਿੰਗ ਦੌਰਾਨ ਆਪਣੇ ਅਸਤੀਫੇ ਦੀ ਪੇਸ਼ਕਸ਼ ਕੀਤੀ ਸੀ ਪਰ ਪਾਰਟੀ ਆਗੂਆਂ ਤੇ ਜ਼ਿਲਾ ਪ੍ਰਧਾਨਾਂ ਨੇ ਉਹਨਾਂ ਦੀ ਪੇਸ਼ਕਸ਼ ਨਾਮਨਜ਼ੂਰ ਕਰਦਿਆਂ ਉਹਨਾਂ ਦੀ ਅਗਵਾਈ ਵਿਚ ਹੀ ਭਰੋਸਾ ਪ੍ਰਗਟ ਕੀਤਾ ਹੈ। ਨਸ਼ਰ ਕੀਤੀ ਇਸ ਖਬਰ ਤੋਂ ਉਲਟ ਕਨਸੋਆਂ ਹਨ ਕਿ ਬਹੁਗਿਣਤੀ ਆਗੂਆਂ ਦਾ ਵਿਚਾਰ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਪ੍ਰਧਾਨਗੀ ਤੋਂ ਲਾਂਭੇ ਕਰਕੇ ਨਵੀ ਤੇ ਨੌਜਵਾਨ ਲੀਡਰਸ਼ਿਪ ਨੂੰ ਅਗਵਾਈ ਦੇਣ ਦੇ ਪੱਖ ਵਿਚ ਹੈ। ਚੰਡੀਗੜ ਪਾਰਟੀ ਦਫਤਰ ਵਿਚ ਮੰਥਨ ਦੌਰਾਨ ਪ੍ਰਧਾਨ ਖਿਲਾਫ ਇਹ ਸੁਰ ਭਾਰੂ ਸੀ ਪਰ ਮੰਨਿਆ ਜਾਂਦਾ ਹੈ ਕਿ ਪਾਰਟੀ ਦੇ ਸਰਪ੍ਰਸਤ ਪਰਕਾਸ਼ ਸਿੰਘ ਬਾਦਲ ਨੇ ਇਸ ਮੀਟਿੰਗ ਵਿਚ ਦਖਲ ਦਿੰਦਿਆਂ ਪੁੱਤਰ ਲਈ ਮੁੜ ਢਾਲ ਦਾ ਕੰਮ ਕੀਤਾ। ਉਹ ਅੱਗੋ ਵੀ ਪੁੱਤਰ ਦੀਆਂ ਮੁਸੀਬਤਾਂ ਟਾਲਣ ਲਈ ਮੁੜ ਸਰਗਰਮ ਹੋ ਗਏ ਹਨ। ਬੀਤੇ ਦਿਨੀ ਉਹਨਾਂ ਨੇ ਆਪਣਾ ਧੰਨਵਾਦੀ ਦੌਰਾ ਆਰੰਭ ਕਰਦਿਆਂ ਇਹ ਪ੍ਰਚਾਰਨਾ ਸ਼ੁਰੂ ਕੀਤਾ ਕਿ ਜਿੱਤ ਹਾਰ ਜ਼ਿੰਦਗੀ ਦਾ ਹਿੱਸਾ ਹੈ, ਇਸ ਲਈ ਪਾਰਟੀ ਵਰਕਰ ਦਿਲ ਨਾ ਛੱਡਣ। ਆਮ ਆਦਮੀ ਪਾਰਟੀ ਦੀ ਜਿੱਤ ਦਾ ਅਰਥ, ਲੋਕ ਵਿਰੋਧ ਨਹੀ ਬਲਕਿ ਬਦਲਾਅ ਦੀ ਇੱਛਾ ਸੀ।

ਬਜ਼ੁਰਗ ਆਗੂ ਪੁੱਤਰ ਲਈ ਸੰਕਟਮੋਚਨ ਬਣਕੇ ਮੁੜ ਪੰਜਾਬ ਭ੍ਰਮਣ ਨੂੰ ਤਿਆਰ ਹਨ ਜਦੋਂਕਿ ਖਬਰਾਂ ਹਨ ਕਿ ਪਾਰਟੀ ਪ੍ਰਧਾਨ ਖਿਲਾਫ ਪਾਰਟੀ ਵਿਚ ਫੈਲ ਰਿਹਾ ਅਸੰਤੋਸ਼ ਠੱਲਣਾ ਸਹਿਜ ਨਹੀ। ਬੇਅਦਬੀਆਂ ਦੇ ਮੁੱਦੇ ਉਪਰ ਪ੍ਰਧਾਨ ਸਾਹਿਬ ਤੇ ਉਹਨਾਂ ਦੀ ਪਤਨੀ ਵਲੋਂ 'ਕੱਖ ਨਾ ਰਹੇ' ਦੀਆਂ ਅਰਦਾਸਾਂ ਦੇ ਸੱਚ ਹੋਣ ਦਾ ਉਹਨਾਂ ਕੋਲ ਕੋਈ ਜਵਾਬ ਨਹੀ। ਅਕਾਲੀ ਆਗੂ ਸਰੂਪ ਚੰਦ ਸਿੰਗਲਾ ਵਲੋਂ ਸ ਬਾਦਲ ਉਪਰ ਪਾਰਟੀ ਨਾਲੋਂ ਪਰਿਵਾਰ ਨੂੰ ਤਰਜੀਹ ਦੇਣ ਦੇ ਦੋਸ਼ ਪਰਿਵਾਰਕ ਸਰਦਾਰੀ ਖਿਲਾਫ ਬਗਾਵਤ ਦੀ ਸ਼ੁਰੂਆਤ ਦੇ ਸੰਕੇਤ ਹਨ। ਬਾਦਲ ਵਿਰੋਧੀ ਧੜੇ ਤੇ ਆਗੂ ਵੀ ਬਾਦਲ ਰਹਿਤ ਅਕਾਲੀ ਦਲ ਦੀ ਕਾਇਮੀ ਲਈ ਵੱਖਰੀ ਲਹਿਰ ਛੇੜਨ ਦੀ ਤਿਆਰੀ ਵਿਚ ਹਨ। ਆਪ ਸਰਕਾਰ ਦੀ ਸਹਾਇਤਾ ਨਾਲ ਉਹ ਸ਼੍ਰੋਮਣੀ ਗੁਰਦੁਆਰਾ ਕਮੇਟੀ ਤੋਂ ਬਾਦਲ ਪਰਿਵਾਰ ਦਾ ਕਬਜ਼ਾ ਤੁੜਵਾਉਣ ਦੀਆਂ ਵਿਉਂਤਾਂ ਵੀ ਬਣਾਉਣ ਲੱਗੇ ਹਨ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਇਹਨਾਂ ਚੋਣਾਂ ਵਿਚ ਪਾਰਟੀ ਦੀ ਨਮੋਸ਼ੀਜਨਕ ਹਾਰ ਨੂੰ ਕੇਵਲ ਬਦਲਾਅ ਦੀ ਲੋਕ ਇੱਛਾ ਤੱਕ ਸੀਮਤ ਰੱਖਕੇ ਨਹੀ ਵੇਖਿਆ ਜਾ ਸਕਦਾ। ਭਾਵੇਂਕਿ ਇਹਨਾਂ ਚੋਣਾਂ ਵਿਚ ਸੁਖਬੀਰ ਸਿੰਘ ਬਾਦਲ ਨੇ ਇਕ ਸੰਗਠਿਤ ਤੇ ਯੋਜਨਾਬੱਧ ਚੋਣ ਮੁਹਿੰਮ ਚਲਾਈ ਤੇ ਉਹ ਅਕਾਲੀ ਸਰਕਾਰ ਬਣਨ ਦੇ ਜ਼ੋਰਦਾਰ ਦਾਅਵੇ ਵੀ ਕਰਦੇ ਰਹੇ ਪਰ ਪਾਰਟੀ ਦੇ ਇਸ ਹੱਦ ਤੱਕ ਸਫਾਏ ਨੇ ਇਹ ਦੱਸ ਦਿੱਤਾ ਕਿ ਲੋਕਾਂ ਨੇ ਉਹਨਾਂ ਦੀਆਂ ਪਿਛਲੀਆਂ ਗਲਤੀਆਂ ਨੂੰ ਮੁਆਫ ਨਹੀ ਕੀਤਾ। ਉਹ 'ਗਲਤੀਆਂ' ਜਿਹਨਾਂ ਨੂੰ ਉਹ ਅੱਜ ਵੀ ਮੰਨਣ ਲਈ ਤਿਆਰ ਨਹੀ ਤੇ ਕੇਵਲ ਬਦਲਾਵ ਦੀ ਇੱਛਾ ਸਹਾਰੇ ਟਾਲੇ ਜਾਣ ਦੇ ਯਤਨ ਵਿਚ ਹਨ। ਪਰ ਉਹਨਾਂ ਨੂੰ ਲੋਕ ਇੱਛਾ ਦੇ ਨਾਲ ਇਹ ਵੀ ਜਾਣਨ ਦੀ ਲੋੜ ਹੈ ਕਿ ਬਦਲਾਵ ਦੀ ਇਸ ਲੋਕ ਇੱਛਾ ਵਿਚ ਉਹ ਕਿੱਥੇ ਕੁ ਖੜਦੇ ਹਨ? ਲੋਕ ਇੱਛਾ ਚੋ ਪੈਦਾ ਹੋਈ ਇਸ ਬਦਲਾਵ ਦੀ ਸਿਆਸਤ ਵਿਚ ਜ਼ਿਦਾਂ ਪੁਗਾਉਣ ਵਾਲੇ ਆਗੂਆਂ ਲਈ ਕਿੰਨੀ ਕੁ ਥਾਂ ਹੈ?

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ
YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661

# ਨਾਮਧਾਰੀ ਪੰਥ ਵੱਲੋਂ ਭਾਰਤ ਵਿਚ ਪਹਿਲੀ ਵਾਰ 'ਭਾਰਤੀ ਧਰਮ ਏਕਤਾ ਸੰਮੇਲਨ' 27 ਮਾਰਚ ਨੂੰ ਕਲਾਨੌਰ ਵਿਖੇ

ਸਰੀ, 24 ਮਾਰਚ (ਹਰਦਮ ਮਾਨ)-ਨਾਮਧਾਰੀ ਪੰਥ ਦੇ ਮੌਜੂਦਾ ਗੁਰੂ ਸ਼੍ਰੀ ਠਾਕੁਰ ਦਲੀਪ ਸਿੰਘ ਨੇ 6-7 ਸਾਲ ਪਹਿਲਾਂ ਚਾਰੇ ਭਾਰਤੀ ਧਰਮਾਂ (ਹਿੰਦੂ, ਸਿੱਖ, ਜੈਨ ਅਤੇ ਬੋਧੀ) ਨੂੰ ਇਕਜੁੱਟ ਕਰਨ ਦਾ ਸੱਦਾ ਦਿੱਤਾ ਸੀ। ਠਾਕੁਰ ਦਲੀਪ ਸਿੰਘ ਨੇ ਸਾਰਿਆਂ ਨੂੰ ਅਪੀਲ ਕੀਤੀ ਸੀ ਕਿ ਚਾਰੇ ਧਰਮ ਇਕ ਹੋ ਜਾਓ ਪਰ, ਅੱਜ ਤੱਕ ਉਨ੍ਹਾਂ ਵਿੱਚ ਏਕਤਾ ਨਹੀਂ ਹੋਈ ਅਤੇ ਨਾ ਹੀ ਕਿਸੇ ਨੇ ਉਨ੍ਹਾਂ ਨੂੰ ਇਕੱਠਿਆਂ ਕਰਨ ਦੀ ਕੋਸ਼ਿਸ਼ ਕੀਤੀ। ਇਹ ਜਾਣਕਾਰੀ ਦਿੰਦਿਆਂ ਨਵਤੇਜ ਸਿੰਘ ਨਾਮਧਾਰੀ ਨੇ ਦੱਸਿਆ ਕਿ ਠਾਕੁਰ ਦਲੀਪ ਸਿੰਘ ਦੀ ਅਪੀਲ ਸੁਣ ਕੇ ਅਬਰਾਹਾਮਿਕ ਧਰਮ; ਜਿਨ੍ਹਾਂ ਵਿਚ ਮੁੱਖ ਤੌਰ 'ਤੇ ਯਹੂਦੀ, ਈਸਾਈ ਅਤੇ ਇਸਲਾਮ ਹਨ, ਉਹ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ। ਉਹਨਾਂ ਨੇ ਆਬੂਧਾਬੀ ਅਤੇ ਬਰਲਿਨ ਵਿੱਚ ਵੀ ਆਪਣਾ ਇਕੱਠਿਆਂ ਦਾ ਧਰਮ-ਸਥਾਨ ਬਣਾ ਲਿਆ ਹੈ। ਪਰ ਠਾਕੁਰ ਦਲੀਪ ਸਿੰਘ ਦੀ ਅਪੀਲ ਤੇ ਸਾਡੇ ਚਾਰ ਭਾਰਤੀ ਧਰਮ ਇਕ ਨਹੀਂ ਹੋਏ। ਇਸ ਲਈ ਉਹਨਾਂ ਚਾਰ ਭਾਰਤੀ ਧਰਮਾਂ ਅਤੇ ਉਹਨਾਂ ਦੇ ਗੁਰੂਆਂ ਨੂੰ ਇੱਕ ਮੰਚ ਉੱਤੇ ਇਕੱਠਾ ਕਰਨ ਦਾ ਇਕ ਵਾਰ ਫੇਰ ਯਤਨ ਕੀਤਾ ਹੈ ਤਾਂ ਜੋ ਬਾਅਦ ਵਿਚ ਉਹ ਪੂਰੀ ਤਰ੍ਹਾਂ ਇਕਜੁੱਟ ਹੋ ਸਕਣ। ਇਸ ਲਈ 26-27 ਮਾਰਚ, 2022 ਨੂੰ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਵਿਖੇ ਨਾਮਧਾਰੀ ਸੰਗਤ ਵੱਲੋਂ ਮਨਾਏ ਜਾ ਰਹੇ "ਹੋਲਾ-ਮੁਹੱਲਾ ਸਮਾਗਮ" ਦੇ ਆਖਰੀ ਦਿਨ 27 ਮਾਰਚ ਨੂੰ "ਭਾਰਤੀ ਧਰਮ ਏਕਤਾ ਸੰਮੇਲਨ" ਕਰਵਾਇਆ ਜਾ ਰਿਹਾ ਹੈ। ਇਸ ਸੰਮੇਲਨ ਦਾ ਉਦਘਾਟਨ ਚਾਰ ਭਾਰਤੀ ਧਰਮਾਂ ਦੇ ਗੁਰੂਆਂ ਨੂੰ ਇਕੱਠੇ ਬਿਠਾ ਕੇ ਕੀਤਾ ਜਾਵੇਗਾ। ਧਾਰਮਿਕ ਏਕਤਾ ਦਾ ਬੀਜ ਬੀਜਿਆ ਜਾਵੇਗਾ। ਉਸ ਇਕ ਬੀਜ ਨੂੰ ਬੀਜਣ ਲਈ (ਸ਼ੁਰੂ ਕਰਨ ਲਈ) ਇਹ ਸੰਮੇਲਨ ਛੋਟੇ ਪੱਧਰ 'ਤੇ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਠਾਕੁਰ ਦਲੀਪ ਸਿੰਘ ਦੇ ਵਿਚਾਰ ਅਨੁਸਾਰ ਆਉਣ ਵਾਲੇ ਸਮੇਂ ਵਿਚ ਵੱਡੇ ਸਾਧੂ-ਸੰਤਾਂ ਨੂੰ ਬੁਲਾ ਕੇ "ਭਾਰਤੀ ਧਰਮ ਏਕਤਾ ਸੰਮੇਲਨ" ਵੱਡੇ ਪੱਧਰ 'ਤੇ ਕਰਵਾਇਆ ਜਾਵੇਗਾ। ਠਾਕੁਰ ਦਲੀਪ ਸਿੰਘ ਦੀ ਇਹ ਇੱਕ ਵਿਲੱਖਣ ਅਤੇ ਨਵੀਂ ਸੋਚ ਹੈ। ਉਹ ਪੰਥ ਦੀ ਤਰੱਕੀ ਅਤੇ ਭਾਰਤੀ ਸੱਭਿਆਚਾਰ ਦੀ ਸੁਰੱਖਿਆ ਅਤੇ ਤਰੱਕੀ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਉਨ੍ਹਾਂ ਦੇ ਵਿਚਾਰ ਹਨ ਕਿ ਚਾਰੇ ਭਾਰਤੀ ਧਰਮਾਂ ਨੂੰ ਇਕੱਠੇ ਹੋ ਕੇ ਆਪਣੀ ਰੱਖਿਆ ਕਰਨੀ ਚਾਹੀਦੀ ਹੈ।






# ਜੌਰਜ ਮੈਕੀ ਲਾਇਬਰੇਰੀ ਡੈਲਟਾ ਵਿਚ ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਦੇ ਚਿੱਤਰਾਂ ਦੀ ਨੁਮਾਇਸ਼

ਸਰੀ, 24 ਮਾਰਚ (ਹਰਦਮ ਮਾਨ)-ਜੌਰਜ ਮੈਕੀ ਲਾਇਬਰੇਰੀ ਡੈਲਟਾ ਵਿਚ ਆਰਟ ਇਨ ਦਿ ਲਾਇਬਰੇਰੀ ਪ੍ਰੋਗਰਾਮ ਤਹਿਤ ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਦੇ ਚਿੱਤਰਾਂ ਦੀ ਨੁਮਾਇਸ਼ ਲੱਗੀ ਹੋਈ ਹੈ. ਇਹ ਨੁਮਾਇਸ਼ 30 ਅਪ੍ਰੈਲ 2022 ਤਕ ਜਾਰੀ ਰਹੇਗੀ। ਲਾਇਬ੍ਰੇਰੀਅਨ ਮੀਨਾਕਸ਼ੀ ਦੇ ਯਤਨਾਂ ਸਦਕਾ ਸ਼ਹਿਰ ਦੇ ਲੋਕਲ ਕਲਾਕਾਰਾਂ ਨੂੰ ਉਤਸ਼ਾਹਤ ਕਰਨ ਹਿੱਤ ਇਹ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਜਰਨੈਲ ਸਿੰਘ ਆਰਟਿਸਟ ਨੂੰ ਵੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਦਾ ਮਾਣ ਹਾਸਲ ਹੋਇਆ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਪ੍ਰੋਗਰਾਮ ਦੀ ਸ਼ੁਰੂਆਤ ਹੀ ਜਰਨੈਲ ਸਿੰਘ ਆਰਟਿਸਟ ਦੇ ਚਿੱਤਰਾਂ ਦੀ ਨੁਮਾਇਸ਼ ਨਾਲ ਹੋਈ ਸੀ। ਜਰਨੈਲ ਸਿੰਘ ਦੇ ਚਿੱਤਰਾਂ ਨੂੰ ਵੇਖਣ ਲਈ ਅੱਜ ਵਿਸ਼ੇਸ਼ ਤੌਰ ਤੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਹਰਦਮ ਸਿੰਘ ਮਾਨ ਤੇ ਹੋਰ ਕਈ ਕਲਾ ਪ੍ਰੇਮੀ ਪਹੁੰਚੇ ਅਤੇ ਉਨ੍ਹਾਂ ਨੇ ਜਰਨੈਲ ਸਿੰਘ ਦੀਆਂ ਨਵੀਆਂ ਕਲਾ ਕਿਰਤਾਂ ਨੂੰ ਗਹੁ ਨਾਲ ਦੇਖਿਆ ਅਤੇ ਜਰਨੈਲ ਸਿੰਘ ਦੀ ਕਲਾ ਦੀ ਤਾਰੀਫ਼ ਕੀਤੀ।

# ਕੈਨੇਡਾ ਸਮੇਤ ਗੈਰ-ਦੋਸਤਾਨਾ ਦੇਸ਼ਾਂ ਨੂੰ ਗੈਸ ਦੀ ਵਿਕਰੀ ਰੂਬਲ ਵਿਚ ਕੀਤੀ ਜਾਵੇਗੀ-ਪੁਤਿਨ




ਮਾਸਕੋ-ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨ ਵਿਚ ਵਾਪਰੀਆਂ ਘਟਨਾਵਾਂ ਨੂੰ ਲੈ ਕੇ ਵਿਦੇਸ਼ੀ ਰਾਸ਼ਟਰਾਂ ਵਲੋਂ ਰੂਸ ਦੀ ਜਾਇਦਾਦ ਫਰੀਜ਼ ਕਰਨ ਦੇ ਜਵਾਬ ਵਿਚ ਕਿਹਾ ਕਿ ਰੂਸ ਦੀ ਗੈਰਦੋਸਤ ਦੇਸ਼ਾਂ ਨੂੰ ਗੈਸ ਦੀ ਵਿਕਰੀ ਰੂਬਲਸ ਵਿਚ ਤਬਦੀਲ ਕਰਨ ਦੀਆਂ ਯੋਜਨਾਵਾਂ ਹਨ। ਉਨ੍ਹਾਂ ਕਿਹਾ ਕਿ ਪੱਛਮੀ ਦੇਸ਼ਾਂ ਦੀ ਕਾਰਵਾਈ ਨੇ ਮਾਸਕੋ ਦੇ ਵਿਸ਼ਵਾਸ਼ ਨੂੰ ਤਬਾਹ ਕਰ ਦਿੱਤਾ ਹੈ। 24 ਫਰਵਰੀ ਨੂੰ ਜਦੋਂ ਰੂਸ ਨੇ ਹਜ਼ਾਰਾਂ ਸੈਨਿਕ ਯੂਕਰੇਨ ਵਿਚ ਭੇਜੇ ਹਨ ਉਸ ਸਮੇਂ ਤੋਂ ਯੂਰਪੀਨ ਦੇਸ਼ਾਂ ਦੀ ਰੂਸੀ ਗੈਸ ਤੇ ਦੂਸਰੀ ਬਰਾਮਦ 'ਤੇ ਨਿਰਭਰਤਾ ਸੁਰਖੀਆਂ ਵਿਚ ਆ ਗਈ ਹੈ। ਰੂਸ ਨੇ ਫ਼ੌਜੀ ਕਾਰਵਾਈ ਨੂੰ ਆਪਣੇ ਗੁਆਂਢੀ ਮੁਲਕ ਦੀ ਸੈਨਿਕ ਸਮਰਥਾ ਨੂੰ ਕਮਜ਼ੋਰ ਕਰਨ ਅਤੇ ਖਤਰਨਾਕ ਰਾਸ਼ਟਰਵਾਦੀਆਂ ਨੂੰ ਜੜ੍ਹੋਂ ਪੁੱਟਣ ਲਈ ਵਿਸ਼ੇਸ਼ ਆਪਰੇਸ਼ਨ ਆਖਿਆ ਸੀ। ਉਂਜ ਪੁਤਿਨ ਨੇ ਚੋਟੀ ਦੇ ਸਰਕਾਰੀ ਮੰਤਰੀਆਂ ਨਾਲ ਟੈਲੀਵੀਜ਼ਨ 'ਤ ਪ੍ਰਸਾਰਤ ਮੀਟਿੰਗ ਵਿਚ ਕਿਹਾ ਕਿ ਰੂਸ ਪਹਿਲਾਂ ਕੀਤੇ ਸਮਝੌਤਿਆਂ ਮੁਤਾਬਿਕ ਕੁਦਰਤੀ ਗੈਸ ਦੀ ਸਪਲਾਈ ਜਾਰੀ ਰੱਖੇਗਾ। ਤਬਦੀਲੀਆਂ ਕੇਵਲ ਭੁਗਤਾਨ ਦੀ ਮੁਦਰਾ ਨੂੰ ਪ੍ਰਭਾਵਤ ਕਰਨਗੀਆਂ ਜਿਸ ਨੂੰ ਰੂਸੀ ਰੂਬਲ ਵਿਚ ਬਦਲਿਆ ਜਾਵੇਗਾ। ਪੁਤਿਨ ਨੇ ਦੱਸਿਆ ਕਿ ਸਰਕਾਰ ਅਤੇ ਸੈਂਟਰਲ ਬੈਂਕ ਇਕ ਹਫਤੇ ਵਿਚ ਹੱਲ ਲੈ ਕੇ ਅੱਗੇ ਆਵੇਗੀ ਕਿ ਇਨ੍ਹਾਂ ਆਪਰੇਸ਼ਨਾਂ ਨੂੰ ਰੂਸੀ ਕਰੰਸੀ ਵਿਚ ਕਿਵੇਂ ਲਿਜਾਇਆ ਜਾਵੇ ਅਤੇ ਗੈਸ ਕੰਪਨੀ ਗੈਜ਼ਪ੍ਰੋਮ ਨੂੰ ਗੈਸ ਸਮਝੌਤਿਆਂ ਵਿਚ ਲੋੜੀਂਦੀਆਂ ਤਬਦੀਲੀਆਂ ਕਰਨ ਦਾ ਹੁਕਮ ਦਿੱਤਾ ਜਾਵੇਗਾ। ਯੂਰਪ ਵਿਚ ਗੈਸ ਦੀ ਹੁੰਦੀ ਕੁਲ ਖਪਤ ਵਿਚ ਰੂਸ ਦਾ 40 ਫ਼ੀਸਦੀ ਹਿੱਸਾ ਹੈ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡਿਪੈਂਡੈਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca
ਹੱਸਦੇ ਰਹੋ ਹਸਾਉਂਦੇ ਰਹੋ

ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਸਿਟੀ ਕੌਂਸਲਰ ਨੂੰ ਧਮਕੀਆਂ ਦੇਣ ਦੇ ਸਬੰਧ ਵਿਚ ਇਕ ਗ੍ਰਿਫ਼ਤਾਰ

ਸਰੀ-ਇਸ ਮਹੀਨੇ ਦੇ ਸ਼ੁਰੂ ਵਿਚ ਸਿਟੀ ਕੌਂਸਲਰ ਨੂੰ ਈ-ਮੇਲ 'ਤੇ ਮਿਲੀਆਂ ਧਮਕੀਆਂ ਦੇ ਸਬੰਧ ਵਿਚ ਸਰੀ ਪੁਲਿਸ ਨੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਕੌਂਸਲਰ ਬਰੇਂਡਾ ਲੋਕ ਨੇ ਕਿਹਾ ਕਿ ਉਸ ਨੇ ਮੈਨੂੰ ਧਮਕੀਆਂ ਭੇਜੀਆਂ ਹਨ। ਉਸ ਨੇ ਕਿਹਾ ਕਿ ਉਹ ਜਿਉਂਦੀ ਨਹੀਂ ਰਹਿਣੀ ਚਾਹੀਦੀ ਅਤੇ ਉਸ ਨੇ ਜਬਰ ਜਨਾਹ ਬਾਰੇ ਗੱਲਬਾਤ ਕੀਤੀ। ਲੋਕ ਨੇ ਕਿਹਾ ਕਿ ਇਹ ਨਿਸ਼ਚਤ ਰੂਪ ਵਿਚ ਉਸ ਦੇ ਕੌਂਸਲਰ ਵਜੋਂ ਕੰਮ ਨਾਲ ਸਬੰਧਤ ਸੀ। ਉਸ ਨੇ ਮੈਨੂੰ ਸਿਟੀ ਹਾਲ ਵਿਚ ਈ-ਮੇਲ ਭੇਜੀ ਹੈ। ਇਹ ਵਿਸ਼ੇਸ਼ ਰੂਪ ਵਿਚ ਮਾੜੀ ਗੱਲ ਹੈ ਕਿਉਂਕਿ ਇਹ ਸ਼ਹਿਰ ਇਸ ਤਰੀਕੇ ਨਾਲ ਵਿਵਹਾਰ ਨਹੀਂ ਕਰਦਾ। ਉਸ ਨੇ ਦੂਸਰੇ ਕੌਂਸਲਰਾਂ ਨਾਲ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਨੇ ਪਹਿਲਾਂ ਅਜਿਹਾ ਨਹੀਂ ਦੇਖਿਆ। ਇਹ ਅਸਲ ਵਿਚ ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ। ਮਾਮਲੇ ਦੀ ਜਾਂਚ ਕਰ ਰਹੀ ਕੰਸਟੇਬਲ ਤੋਂ ਲੋਕ ਨੂੰ ਮਿਲੀ ਤਾਜ਼ਾ ਜਾਣਕਾਰੀ ਮੁਤਾਬਿਕ ਪੁਲਿਸ ਨੇ ਉਸ ਨੂੰ 4 ਮਾਰਚ ਨੂੰ ਦਿੱਤੀਆਂ ਧਮਕੀਆਂ ਦੇ ਸਬੰਧ ਵਿਚ 20 ਮਾਰਚ ਨੂੰ ਸ਼ੱਕੀ ਵਿਅਕਤੀ ਗ੍ਰਿਫਤਾਰ ਕੀਤਾ ਹੈ ਅਤੇ ਉਸ ਨੇ ਹਿਰਾਸਤ ਦੌਰਾਨ ਧਮਕੀ ਭਰੀ ਮੇਲ ਭੇਜਣ ਦੀ ਗੱਲ ਸਵੀਕਾਰ ਕੀਤੀ ਹੈ।



# ਨਾਮਧਾਰੀ ਪੰਥ ਵੱਲੋਂ ਭਾਰਤੀਆ ਧਰਮ ਏਕਤਾ ਸੰਮੇਲਨ 27 ਮਾਰਚ ਨੂੰ ਬਟਾਲਾ ਸਥਿਤ ਕਲਾਨੌਰ ਵਿਖੇ ਹੋਵੇਗਾ

## ਠਾਕੁਰ ਦਲੀਪ ਸਿੰਘ ਦੀ ਪ੍ਰੇਰਣਾ ਨਾਲ ਸ਼ਾਮਿਲ ਹੋਣਗੇ ਹਿੰਦੂ, ਸਿੱਖ,ਜੈਨ ਅਤੇ ਬੋਧ ਸੰਪ੍ਰਦਾਇ ਦੇ ਪ੍ਰਤਿਨਿਧੀ

ਸਰੀ, 23 ਮਾਰਚ (ਹਰਦਮ ਮਾਨ)- ਨਾਮਧਾਰੀ ਪੰਥ ਵੱਲੋਂ ਭਾਰਤੀਆ ਧਰਮ ਏਕਤਾ ਸੰਮੇਲਨ 27 ਮਾਰਚ ਨੂੰ ਦੁਪਹਿਰ 12 ਤੋਂ 2 ਵਜੇ ਤੱਕ ਗਿਆਨਸਰ ਕਾਲਜ ਰੋਡ ਬਟਾਲਾ ਦੇ ਕਾਲਨੌਰ (ਜ਼ਿਲਾ ਗੁਰਦਾਸਪੁਰ) ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਸੰਮੇਲਨ 25-26-27 ਮਾਰਚ 2022 ਨੂੰ ਨਾਮਧਾਰੀ ਸੰਗਤ ਦੁਆਰਾ ਕਾਲਨੌਰ ਵਿਚ ਮਨਾਏ ਜਾਣ ਵਾਲੇ ਦੋ ਦਿਨਾਂ ਹੋਲਾ-ਮਹੱਲਾ ਉਤਸਵ ਦੇ ਅੰਤਿਮ ਦਿਨ 27 ਮਾਰਚ ਨੂੰ ਹੋਵੇਗਾ। ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਦੀ ਪ੍ਰੇਰਣਾ ਸਦਕਾ ਕਰਵਾਏ ਜਾ ਰਹੇ ਇਸ ਸੰਮੇਲਨ ਵਿੱਚ ਦੇਸ਼ ਭਰ ਤੋਂ ਹਿੰਦੂ, ਸਿੱਖ, ਜੈਨ ਅਤੇ ਬੋਧ ਸੰਪ੍ਰਦਾਏ ਦੇ ਪ੍ਰਤਿਨਿਧੀ ਸ਼ਾਮਿਲ ਹੋ ਕੇ ਸਮਾਜਿਕ ਏਕਤਾ ਵਿਸ਼ੇ 'ਤੇ ਅਪਣੇ ਵਿਚਾਰ ਚਰਚਾ ਕਰਨਗੇ। ਇਹ ਜਾਣਕਾਰੀ ਭਾਰਤੀ ਧਰਮ ਕਮੇਟੀ ਦੇ ਪ੍ਰਮੁੱਖ ਸੇਵਾਦਾਰਾਂ ਨਵਤੇਜ ਸਿੰਘ ਅਤੇ ਜਵਾਹਰ ਸਿੰਘ ਨੇ ਸੰਮੇਲਨ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਲਈ ਹੋਈ ਮੀਟਿਂਗ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਨੇ ਨਾਮਧਾਰੀ ਪੰਥ ਪ੍ਰਮੁੱਖ ਠਾਕੁਰ ਦਲੀਪ ਸਿੰਘ ਵੱਲੋਂ ਭਾਰਤ ਦੇ ਸਾਰੇ ਧਰਮਾਂ ਨੂੰ ਇਕ ਮੰਚ ਤੇ ਲਿਆਉਣ ਦਾ ਸੁਨੇਹਾ ਪੜ੍ਹ ਕੇ ਸੁਣਾਉਂਦੇ ਹੋਏ ਕਿਹਾ ਕਿ ਹਿੰਦੂ, ਸਿੱਖ, ਜੈਨ ਅਤੇ ਬੋਧ ਸੰਪ੍ਰਦਾਇ ਦੀ ਸੰਸਕ੍ਰਿਤੀ ਅਤੇ ਵਿਚਾਰਧਾਰਾ ਇਕ ਹੀ ਹੈ। ਜੇਕਰ ਇਹ ਸਾਰੇ ਭਾਰਤੀ ਧਰਮ ਇਕ ਮੰਚ 'ਤੇ ਇਕੱਤਰ ਹੋ ਕੇ ਆਪਸੀ ਸਦਭਾਵਨਾ ਦਾ ਸੁਨੇਹਾ ਜਨਮਾਨਸ ਤੱਕ ਪੰਹੁਚਾਉਣ ਤਾਂ ਸੰਪ੍ਰਦਾਇਕਤਾ ਦਾ ਜ਼ਹਿਰ ਘੋਲਣ ਵਾਲੀਆਂ ਤਾਕਤਾਂ ਆਪਣੇ ਆਪ ਹਾਰ ਜਾਣਗੀਆਂ। ਠਾਕੁਰ ਦਲੀਪ ਸਿੰਘ ਦੇ ਕੁਝ ਸਾਲ ਪਹਿਲਾਂ ਏਕਤਾ ਦੇ ਸੱਦੇ ਬਾਅਦ ਭਾਰਤ ਦੇ ਚਾਰੇ ਧਰਮ ਤਾਂ ਇਕ ਮੰਚ ਤੇ ਇਕੱਠੇ ਨਹੀਂ ਹੋਏ ਪਰ ਭਾਰਤੀ ਧਰਮਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਇਬਰਾਹੀਮੀ ਧਰਮ ਜਿਨ੍ਹਾਂ ਵਿਚ ਮੁੱਖ ਯਹੂਦੀ, ਈਸਾਈ ਅਤੇ ਇਸਲਾਮ ਦੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਹੁਣ ਜੇਕਰ ਭਾਰਤ ਦੇ ਆਪਣੇ ਚਾਰ ਧਰਮਾਂ ਹਿੰਦੂ, ਸਿੱਖ , ਜੈਨ ਅਤੇ ਬੋਧੀ ਦੇ ਲੋਕ ਇਕ ਮੰਚ ਉੱਤੇ ਇੱਕਤਰ ਹੁੰਦੇ ਹਨ ਤਾਂ ਭਾਰਤੀ ਧਰਮਾਂ ਦੇ ਲੋਕਾਂ ਦਾ ਧਰਮ ਪਰਿਵਰਤਨ ਕਰਵਾਉਣ ਵਾਲੀਆਂ ਤਾਕਤਾਂ ਦੀ ਹਾਰ ਹੋਵੇਗੀ ਅਤੇ ਨਾਲ ਹੀ ਸਾਰੇ ਧਰਮਾਂ ਦੇ ਪੈਰੋਕਾਰਾਂ ਵਿਚ ਪ੍ਰੇਮ-ਪਿਆਰ ਅਤੇ ਸਦਭਾਵਨਾ ਦਾ ਸੰਚਾਰ ਹੋਵੇਗਾ। ਜਿੱਥੇ ਸਦਭਾਵਨਾ ਹੋਵੇਗੀ, ਉੱਥੇ ਹੀ ਸਾਰੇ ਧਰਮਾਂ ਦੇ ਲੋਕ ਆਪਣੇ-ਆਪਣੇ ਧਰਮ ਦੇ ਪ੍ਰਤੀ ਨਿਸ਼ਠਾਵਾਨ ਰਹਿੰਦੇ ਹੋਏ ਦੂਜੇ ਧਰਮਾਂ ਦਾ ਆਦਰ ਸਤਿਕਾਰ ਕਰਨਗੇ। ਇਕ ਦੂਜੇ ਪ੍ਰਤੀ ਆਦਰ ਅਤੇ ਪ੍ਰੇਮ ਦੀ ਭਾਵਨਾ ਹੀ ਭਾਰਤ ਦੇਸ਼ ਦੀ ਮੂਲ ਪਹਿਚਾਣ ਹੈ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ, ਤਜਿੰਦਰ ਸਿੰਘ, ਪ੍ਰਭਜਿੰਦਰ ਸਿੰਘ ਪ੍ਰਿੰਸ ਅਤੇ ਅਰਵਿੰਦਰ ਸਿੰਘ ਲਾਡੀ ਵੀ ਮੌਜੂਦ ਸਨ।



# ਟਰੂਡੋ ਨੇ 2025 ਤੱਕ ਸੱਤਾ 'ਚ ਰਹਿਣ ਲਈ ਲਿਬਰਲ ਅਤੇ ਐਨ.ਡੀ.ਪੀ. ਵਿਚਾਲੇ ਸਮਝੌਤੇ ਦਾ ਕੀਤਾ ਐਲਾਨ

ਸਫ਼ਾ 1 ਦੀ ਬਾਕੀ

ਤੇ ਮੰਗਲਵਾਰ ਸਮਝੌਤੇ ਦਾ ਐਲਾਨ ਕੀਤਾ ਗਿਆ। ਫਰਮਾਕੇਅਰ ਤੇ ਡੈਂਟਲ ਕੇਅਰ ਦੋ ਮਹਿੰਗੀਆਂ ਚੀਜ਼ਾਂ ਹਨ ਜਿਹੜੀਆਂ 2021 ਲਿਬਰਲ ਪਲੇਟਫਾਰਮ ਵਿਚ ਸ਼ਾਮਿਲ ਨਹੀਂ ਸਨ। ਸੰਸਦੀ ਬਜਟ ਅਫਸਰ ਦਾ ਅਨੁਮਾਨ ਹੈ ਕਿ ਡੈਂਟਲ ਕੇਅਰ ਪ੍ਰੋਗਰਾਮ 'ਤੇ ਸਾਲਾਨਾ 1.5 ਅਰਬ ਡਾਲਰ ਖਰਚ ਆਵੇਗਾ ਜਦਕਿ ਪਹਿਲੇ ਸਾਲ 3 ਅਰਬ ਡਾਲਰ ਵਾਧੂ ਖਰਚ ਆਵੇਗਾ ਕਿਉਂਕਿ ਲੋਕ ਤੇਜ਼ੀ ਨਾਲ ਇਲਾਜ ਲਈ ਅੱਗੇ ਆਉਣਗੇ। ਪੀਬੀਓ ਨੇ ਮੁਕੰਮਲ ਫਰਮਾਕੇਅਰ ਯੋਜਨਾ 'ਤੇ 19 ਅਰਬ ਡਾਲਰ ਦੇ ਖਰਚ ਦਾ ਅਨੁਮਾਨ ਲਗਾਇਆ ਗਿਆ ਹੈ ਫਿਰ ਵੀ ਸਮਝੌਤੇ ਵਿਚ ਇਸ ਯੋਜਨਾ ਦੀ ਰੂਪਰੇਖਾ ਇੰਨੀ ਵਿਸ਼ਾਲ ਨਹੀਂ ਜਿਸ ਦਾ ਪੀਬੀਓ ਨੇ ਮੁਲਾਂਕਣ ਕੀਤਾ ਹੈ। ਲਿਬਰਲਸ ਨੇ 2021 ਦੀਆਂ ਚੋਣਾਂ ਵਿਚ 159 ਸੀਟਾਂ ਜਿੱਤੀਆਂ ਸਨ ਪਰ ਇਸ ਨੂੰ ਬਹੁਮਤ ਲਈ 10 ਸੀਟਾਂ ਦੀ ਲੋੜ ਸੀ ਜਿਸ ਲਈ ਉਸ ਨੂੰ ਐਨਡਪੀ ਦੀ ਮਦਦ ਲੈਣੀ ਪੈ ਰਹੀ ਹੈ ਜਿਸ ਕੋਲ ਪਾਰਲੀਮੈਂਟ ਦੀਆਂ 25 ਸੀਟਾਂ ਹਨ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮੀਟਿੰਗ 'ਚ ਲੇਖਕਾਂ ਨੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ

ਸਰੀ (ਹਰਦਮ ਮਾਨ)-ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮੀਟਿੰਗ ਪ੍ਰਧਾਨ ਦਵਿੰਦਰ ਮਲਹਾਂਸ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦਾ ਆਗਾਜ਼ ਕਰਦਿਆਂ ਦਵਿੰਦਰ ਮਲਹਾਂਸ ਨੇ ਆਏ ਹੋਏ ਸਾਹਿਤਕ ਪ੍ਰੇਮੀਆਂ ਤੇ ਬੁੱਧੀਜੀਵੀਆਂ ਨੂੰ 'ਜੀ ਆਇਆਂ ਨੂੰ' ਆਖਿਆ। ਉਨ੍ਹਾਂ 'ਹੋਲੀ' ਤੇ 'ਹੋਲਾ ਮਹੱਲਾ' ਰੰਗਾਂ ਦੇ ਤਿਉਹਾਰ, ਨਾਨਕਸ਼ਾਹੀ ਸੰਮਤ 554 ਦੇ ਨਵੇਂ ਸਾਲ ਦਾ ਆਗਾਜ਼ ਤੇ ਸਭ ਨੂੰ ਮੁਬਾਰਕਬਾਦ ਦਿੱਤੀ। ਸਭਾ ਦੀ ਪਰੰਪਰਾ ਮੁਤਾਬਕ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਈਆਂ ਸਾਹਿਤਕ ਤੇ ਸਮਾਜਿਕ ਸ਼ਖ਼ਸੀਅਤਾਂ ਨੂੰ ਯਾਦ ਕੀਤਾ। ਸਿਰਮੌਰ ਲੋਕ ਪੱਖੀ ਗਾਇਕ ਅਮਰਜੀਤ ਗੁਰਦਾਸਪੁਰੀ, ਸ਼ਾਇਰੀ ਦੇ ਭਖਦੇ ਸੂਰਜ ਦੇਵ ਦਰਦ, ਉੱਘੇ ਪੰਜਾਬੀ ਆਲੋਚਕ ਡਾ ਰਜਨੀਸ਼ ਬਹਾਦਰ ਦੇ ਸਦੀਵੀ ਵਿਛੋੜੇ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।



ਜੰਗ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਗਿਆ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦੀ। ਹਮੇਸ਼ਾ ਵਿਚਾਰ ਵਟਾਂਦਰਿਆਂ ਰਾਹੀਂ ਹੀ ਮਸਲੇ ਹੱਲ ਕੀਤੇ ਜਾਂਦੇ ਹਨ। ਰੂਸ ਤੇ ਯੂਕਰੇਨ ਦੀ ਜੰਗ ਦੀ ਵਜ੍ਹਾ ਕੋਈ ਵੀ ਹੋਵੇ ਪਰ ਮਨੁੱਖਤਾ ਦਾ ਘਾਣ ਤੇ ਕੁਦਰਤੀ ਸੋਮਿਆਂ ਦਾ ਨੁਕਸਾਨ ਬਹੁਤ ਜ਼ਿਆਦਾ ਹੋ ਰਿਹਾ ਹੈ, ਹਵਾ ਦੂਸ਼ਿਤ ਹੋ ਰਹੀ ਹੈ ਜੋ ਇੱਕ ਨਿੰਦਣਯੋਗ ਕਾਰਾ ਹੈ। ਮਾਰਚ ਮਹੀਨੇ ਨਾਲ ਸਬੰਧਤ ਕੁਝ ਹੋਰ ਇਤਿਹਾਸਕ ਦਿਨ ਯਾਦ ਕੀਤੇ ਗਏ। 27 ਫਰਵਰੀ 1931 ਨੂੰ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦਾ ਸ਼ਹਾਦਤ, 8 ਮਾਰਚ 1916 ਨੂੰ ਗਦਰੀ ਯੋਧੇ ਗਾਂਧਾ ਸਿੰਘ ਕੱਚਰਭੰਨ ਨੂੰ ਫਾਂਸੀ, 13 ਮਾਰਚ 1940 ਨੂੰ ਊਧਮ ਸਿੰਘ ਨੇ ਲੰਦਨ ਇੰਗਲੈਂਡ ਦੇ ਕੈਕਸਟਨ ਹਾਲ ਵਿੱਚ ਚਾਰ ਅੰਗਰੇਜ਼ ਅਫ਼ਸਰਾਂ ਨੂੰ ਛੇ ਗੋਲੀਆਂ ਮਾਰੀਆਂ ਸਨ, ਸ਼ਹੀਦ ਭਗਤ ਸਿੰਘ ਦੀ ਸ਼ਹਾਦਤ, ਪੰਜਾਬੀ ਮਾਂ ਬੋਲੀ ਦਿਵਸ, ਅੰਤਰਰਾਸ਼ਟਰੀ ਔਰਤ ਦਿਵਸ ਦੇ ਸੰਦਰਭ ਵਿੱਚ ਬੁਲਾਰਿਆਂ ਨੇ ਸਾਂਝ ਪਾਈ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਮੀਤ ਪ੍ਰਧਾਨ ਬਲਵੀਰ ਗੋਰਾ ਨੇ ਸੱਭਿਆਚਾਰ ਬਾਰੇ ਲੋਕ ਗਾਥਾ ਗਾ ਕੇ ਕੀਤੀ। ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਨੂੰ ਨਮਨ ਕਰਦਿਆਂ ਮਨਮੋਹਨ ਸਿੰਘ ਬਾਠ ਨੇ ਤਰੰਨੁਮ ਵਿੱਚ ਗੀਤ ਪੇਸ਼ ਕੀਤਾ ਤੇ ਇਸੇ ਸੰਦਰਭ ਵਿੱਚ ਗੁਰਦੀਸ਼ ਕੌਰ ਗਰੇਵਾਲ ਨੇ 'ਕਿਸ ਨੂੰ ਦਰਦ ਸੁਣਾਵਾਂ ਦੇਸ਼ ਪੰਜਾਬ ਦਾ', ਸੁਜਾਨ ਸਿੰਘ ਸੁਜਾਨ ਨੇ 'ਸਤਲੁਜ ਕੰਢੇ ਦੀ ਯਾਦ' ਸੁਰੀਲੀ ਆਵਾਜ਼ ਵਿੱਚ ਸੁਣਾਇਆ। ਬੁਲੰਦ ਆਵਾਜ਼ ਦੇ ਮਾਲਕ ਤਰਲੋਚਨ ਸੈਂਭੀ ਨੇ ਦੇਸ਼ ਭਗਤੀ ਬਾਰੇ ਕੁਝ ਸ਼ਿਅਰ ਗਾ ਕੇ ਵਾਹ ਵਾਹ ਖੱਟੀ। ਮਹਿੰਦਰਪਾਲ ਐੱਸ ਪਾਲ ਨੇ ਜੰਗ ਬਾਰੇ ਆਪਣੀ ਇੱਕ ਖੂਬਸੂਰਤ ਰਚਨਾ 'ਖ਼ੂਨ ਨਾਲ ਇਤਿਹਾਸ ਲਿਖਿਆ ਜਾ ਰਿਹਾ' ਸੁਣਾਈ। ਇਸੇ ਵਿਸ਼ੇ ਨਾਲ ਸੰਬੰਧਤ 'ਕਿੰਜ ਰੋਕੂ ਕੋਈ ਹੜ੍ਹ ਦਾ ਪਾਣੀ' ਸੁਖਵਿੰਦਰ ਸਿੰਘ ਤੂਰ ਨੇ ਸੁਰੀਲੀ ਆਵਾਜ਼ ਵਿੱਚ ਗੀਤ ਸੁਣਾਇਆ। ਸਕੱਤਰ ਮੰਗਲ ਚੱਠਾ ਨੇ ਪੰਜਾਬ ਦੀ ਰਾਜਨੀਤੀ ਬਾਰੇ ਨਵੇਂ ਆਏ ਨਤੀਜਿਆਂ ਉੱਤੇ ਵਿਅੰਗਮਈ ਹਾਸਰਸ ਕਵਿਤਾ ਸੁਣਾ ਕੇ ਮਾਹੌਲ ਬਦਲਿਆ। ਜਿਸ ਦੇ ਬਾਅਦ ਸਾਰੇ ਬੁਲਾਰਿਆਂ ਨੇ ਆਪਸੀ ਚਰਚਾ ਵਿੱਚ ਭਵਿੱਖ ਵਿੱਚ ਪੰਜਾਬ ਦੀ ਸਥਿਤੀ ਚ ਬਦਲਾਓ ਦੀ ਆਸ ਉਮੀਦ ਜ਼ਾਹਿਰ ਕੀਤੀ। ਨਸ਼ਿਆਂ ਨਾਲ ਸਬੰਧਤ ' ਚਿੱਟਿਆਂ ਨੇ ਕਾਲੇ ਕੀਤੇ ਲੇਖ' ਗੁਰਚਰਨ ਸਿੰਘ ਹੇਅਰ ਨੇ ਬਹੁਤ ਹੀ ਅਰਥ ਭਰਪੂਰ ਗੀਤ ਪੇਸ਼ ਕੀਤਾ। ਔਰਤ ਦਿਵਸ ਦੇ ਸੰਬੰਧ ਵਿਚ ਸਰਬਜੀਤ ਉੱਪਲ ਨੇ ਔਰਤਾਂ ਬਾਰੇ ਇਕ ਭਾਵਪੂਰਤ ਕਵਿਤਾ ਸੁਣਾਈ ਤੇ ਇਸ ਨਾਲ ਹੀ ਸਬੰਧਤ ਸੋਫੀਆ ਟਾਲਸਟਾਏ ਬਾਰੇ ਦਵਿੰਦਰ ਮਲਹਾਂਸ ਨੇ ਚਾਨਣਾ ਪਾਇਆ। ਟਾਲਸਟਾਏ ਦੀ ਨਿੱਜੀ ਜ਼ਿੰਦਗੀ,ਉਸ ਦੀਆਂ ਕਮਜ਼ੋਰੀਆਂ,ਲਿਖਤਾਂ ਆਦਿ ਨਾਲ ਸੋਫ਼ੀਆ ਦਾ ਪ੍ਰਭਾਵ ਤੇ ਕਿੰਨਾ ਵੱਡਾ ਯੋਗਦਾਨ ਰਿਹਾ, ਇਸ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਅਤੇ ਪੰਜਾਬੀ ਮਾਂ ਬੋਲੀ ਬਾਰੇ ਵਡਮੁੱਲੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਰਣਜੀਤ ਸਿੰਘ ਵੀ ਹਾਜ਼ਰ ਸਨ। ਅਖੀਰ ਵਿਚ ਉਨ੍ਹਾਂ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਸਭ ਦਾ ਧੰਨਵਾਦ ਕੀਤਾ।




# ਰੈੱਡ ਐਫ.ਐਮ. ਰੇਡੀਓ ਵੱਲੋਂ ਬਸੰਤ ਰੁੱਤ ਦੀ ਆਮਦ 'ਤੇ ਦਿਲਕਸ਼ ਕਵੀ ਦਰਬਾਰ

ਸਰੀ (ਹਰਦਮ ਮਾਨ)-ਰੈੱਡ ਐਫ ਐਮ ਰੇਡੀਓ ਦੇ ਹਰਮਨ ਪਿਆਰੇ ਪ੍ਰੋਗਰਾਮ ਹਰਜਿੰਦਰ ਥਿੰਦ ਸ਼ੋਅ ਵਿਚ ਬਸੰਤ ਰੁੱਤ ਨੂੰ ਖ਼ੁਸ਼-ਆਮਦੀਦ ਕਹਿਣ ਲਈ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਪ੍ਰਸਿੱਧ ਸ਼ਾਇਰ ਜਸਵਿੰਦਰ, ਮੋਹਨ ਗਿੱਲ, ਰਾਜਵੰਤ ਰਾਜ, ਹਰਦਮ ਸਿੰਘ ਮਾਨ ਅਤੇ ਅਮਨ ਸੀ ਸਿੰਘ ਨੇ ਆਪਣੀਆਂ ਖ਼ੂਬਸੂਰਤ ਨਜ਼ਮਾਂ, ਗ਼ਜ਼ਲਾਂ ਰਾਹੀਂ ਰੇਡੀਓ ਤਰੰਗਾਂ ਨੂੰ ਮਹਿਕਾਇਆ। ਕਵੀ ਦਰਬਾਰ ਦਾ ਆਗਾਜ਼ ਸ਼ਾਇਰਾ ਅਮਨ ਸੀ ਸਿੰਘ ਦੀ ਦਿਲਕਸ਼ ਨਜ਼ਮ ਨਾਲ ਹੋਇਆ-

ਜਾਗ ਪਏ ਨੇ ਫੁੱਲ ਵੀ ਸੁੱਤੇ
ਸਾਵੇ ਸਾਵੇ ਘਾਹ ਦੇ ਉੱਤੇ
ਕੁਦਰਤ ਗੌਣ ਬਿਠਾਇਆ
ਹੁਣ ਚੇਤਰ ਆਇਆ

ਮੋਹਨ ਗਿੱਲ ਨੇ ਬਸੰਤ ਰੁੱਤ ਦਾ ਦ੍ਰਿਸ਼ ਇਉਂ ਬੰਨ੍ਹਿਆਂ-

ਮੌਸਮ ਆਏ ਬਰਫ਼ਾਂ ਪਈਆਂ ਤੇ ਖ਼ੁਰ ਗਈਆਂ
ਪੱਤਰ ਝੜੇ ਮੁੜ ਉੱਗ ਆਏ
ਗ਼ਮ ਦਾ ਹੋਇਆ ਅੰਤ ਕੁੜੇ
ਅੱਜ ਆਈ ਫੇਰ ਬਸੰਤ ਕੁੜੇ

ਰਾਜਵੰਤ ਰਾਜ ਨੇ ਆਪਣੇ ਦਿਲੀ ਵਲਵਲੇ ਪੇਸ਼ ਕੀਤੇ-

ਧਰਤੀ ਨੂੰ ਸਬਜ਼ ਰੰਗ ਦੀ ਚੁੰਨੀ ਚੜ੍ਹਾ ਦਿਆਂ
ਕਿਉਂ ਨਾ ਮੈਂ ਜ਼ਮੀਨ 'ਤੇ ਮਹਿੰਦੀ ਉਗਾ ਦਿਆਂ
ਆਈ ਬਸੰਤ ਵੇਖ ਕੇ ਮੇਰਾ ਵੀ ਜੀਅ ਕਰੇ
ਦਿਲ ਦੀ ਉਦਾਸ ਰੁੱਤ ਨੂੰ ਕੋਈ ਤਾਂ ਚਾਅ ਦਿਆਂ

ਹਰਦਮ ਸਿੰਘ ਮਾਨ ਦਾ ਪ੍ਰਤੀਕਾਤਮਿਕ ਦ੍ਰਿਸ਼ ਸੀ-

ਸੁਰੀਲੇ ਬੋਲ ਕੋਇਲ ਦੇ ਰਸੀਲਾ ਕਰਨ ਅੰਬੀਆਂ ਨੂੰ
ਬਚਾਉਣਾ ਤੋਤਿਆਂ ਕੋਲੋਂ ਚਲੋ ਕੋਈ ਉਪਾਅ ਕਰੀਏ

ਨਾਮਵਰ ਗ਼ਜ਼ਲਗੋ ਜਸਵਿੰਦਰ ਦਾ ਹਰ ਇਕ ਸ਼ਿਅਰ ਬਾਕਮਾਲ ਸੀ-

ਅਜੇ ਵੀ ਬਹੁਤ ਸਾਰੇ ਬੀਜ ਪੁੰਗਰਨ ਨੂੰ ਮਚਲਦੇ ਨੇ
ਭਲਾ ਇਹ ਲੋਕ ਮਿੱਟੀ ਗ਼ਮਲਿਆਂ ਦੀ ਕਿਉਂ ਬਦਲਦੇ ਨੇ
ਬੜਾ ਇਤਰਾਜ਼ ਹੈ ਜੰਗਲ 'ਤੇ ਪਤਝੜ ਦੇ ਵਕੀਲਾਂ ਨੂੰ
ਬਿਨਾਂ ਮਨਜ਼ੂਰੀਓਂ ਇਹ ਬਿਰਖ ਕਿਉਂ ਪੱਤੇ ਬਦਲਦੇ ਨੇ

ਕਵੀ ਦਰਬਾਰ ਦਾ ਸੰਚਾਲਨ ਪ੍ਰੋਗਰਾਮ ਦੇ ਹੋਸਟ ਹਰਜਿੰਦਰ ਥਿੰਦ ਨੇ ਕੀਤਾ। ਇਸ ਮੌਕੇ ਰੈੱਡ ਐਫ ਐਮ ਵੱਲੋਂ ਸਰੋਤਿਆਂ ਲਈ ਕਰਵਾਏ ਗਏ ਬਸੰਤ ਰੁੱਤ ਦੇ ਕਵਿਤਾ ਮੁਕਾਬਲੇ ਵਿਚ ਆਈਆਂ ਕਵਿਤਾਵਾਂ ਵਿੱਚੋਂ ਛੇ ਚੋਣਵੀਆਂ ਰਚਨਾਵਾਂ ਵੀ ਇਨ੍ਹਾਂ ਸ਼ਾਇਰਾਂ ਵੱਲੋਂ ਪੜ੍ਹੀਆਂ ਗਈਆਂ ਅਤੇ ਇਨ੍ਹਾਂ ਰਚਨਾਵਾਂ ਵਿੱਚੋਂ ਤ੍ਰਿਪਤਾ ਦੀ ਹਿੰਦੀ ਕਵਿਤਾ ਨੂੰ 250 ਡਾਲਰ ਦੇ ਇਨਾਮ ਲਈ ਚੁਣਿਆਂ ਗਿਆ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
• ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616

# 23 ਮਾਰਚ ਦੇ ਸ਼ਹੀਦੀ ਦਿਹਾੜੇ ਮੌਕੇ ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ ਜਾਰੀ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਤੇ ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ ਨੰਬਰ 9501200200 ਜਾਰੀ ਕਰ ਦਿੱਤਾ ਹੈ। ਉਨ੍ਹਾਂ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਹੈਲਪਲਾਈਨ ਨੰਬਰ 'ਤੇ ਸਿਰਫ਼ ਰਿਸ਼ਵਤ ਦੀ ਮੰਗ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਵੀਡੀਓ ਜਾਂ ਆਡੀਓ ਭੇਜੀ ਜਾਵੇ। ਪੰਜਾਬ ਸਰਕਾਰ ਦਾ ਸੀਨੀਅਰ ਅਧਿਕਾਰੀ ਮਾਮਲੇ ਦੀ ਜਾਂਚ ਕਰੇਗਾ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਬਾਅਦ ਵਿੱਚ ਖਟਕੜ ਕਲਾਂ ਵੀ ਗਏ।




# ਗੁਜਰਾਤ ਵਿਚ ਆਮ ਆਦਮੀ ਪਾਰਟੀ ਦੇ ਸੈਂਕੜੇ ਅਹੁਦੇਦਾਰ ਤੇ ਮੈਂਬਰ ਭਾਜਪਾ ਵਿਚ ਸ਼ਾਮਿਲ

ਅਹਿਮਦਾਬਾਦ-ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਗੁਜਰਾਤ ਦੌਰੇ ਤੋਂ ਪਹਿਲਾਂ 'ਆਪ' ਦੇ ਅਹੁਦੇਦਾਰਾਂ ਸਣੇ ਸੈਂਕੜੇ ਮੈਂਬਰ ਗਾਂਧੀਨਗਰ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਏ। ਦੋਵਾਂ 'ਆਪ' ਆਗੂਆਂ ਵੱਲੋਂ ਅਹਿਮਦਾਬਾਦ ਵਿੱਚ ਰੋਡਸ਼ੋਅ ਕਰਨ ਦੀ ਯੋਜਨਾ ਹੈ। ਹਾਲਾਂਕਿ, ਸਥਾਨਕ 'ਆਪ' ਆਗੂਆਂ ਨੇ ਇਸ ਦਾ ਖੰਡਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਕੁੱਝ ਮੁਅੱਤਲ ਮੈਂਬਰਾਂ ਨੂੰ ਛੱਡ ਕੇ ਬਾਕੀ ਜੋ ਭਾਜਪਾ ਵਿੱਚ ਸ਼ਾਮਲ ਹੋਏ ਹਨ, ਉਹ ਕਦੇ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਨਾਲ ਜੁੜੇ ਹੀ ਨਹੀਂ ਸਨ। ਭਾਜਪਾ ਨੇ ਗਾਂਧੀਨਗਰ ਵਿੱਚ ਆਪਣੇ ਮੁੱਖ ਦਫ਼ਤਰ 'ਕਮਲਮ' ਵਿੱਚ ਇੱਕ ਸਮਾਰੋਹ ਰੱਖਿਆ ਸੀ, ਜਿੱਥੇ ਗੁਜਰਾਤ ਦੇ 11 ਜ਼ਿਲ੍ਹਿਆਂ ਦੇ ਸੈਂਕੜੇ 'ਆਪ' ਆਗੂਆਂ ਤੇ ਕਾਰਕੁਨਾਂ ਨੇ ਭਗਵਾਂ ਪਾਰਟੀ ਦੇ ਸੂਬਾਈ ਪ੍ਰਧਾਨ ਸੀਆਰ ਪਾਟਿਲ ਦੀ ਮੌਜੂਦਗੀ ਵਿੱਚ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਕੇਜਰੀਵਾਲ ਤੇ ਭਗਵੰਤ ਮਾਨ ਵੱਲੋਂ ਦੋ ਅਪਰੈਲ ਨੂੰ ਅਹਿਮਦਾਬਾਦ ਵਿੱਚ ਰੋਡਸ਼ੋਅ ਕਰਨ ਦੀ ਸੰਭਾਵਨਾ ਹੈ।

# ਭ੍ਰਿਸ਼ਟਾਚਾਰ ਗੱਲਾਂ ਨਾਲ ਖ਼ਤਮ ਨਹੀ ਹੁੰਦਾ-ਬਾਦਲ



ਚੰਡੀਗੜ੍ਹ-ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭ੍ਰਿਸ਼ਟਾਚਾਰ ਰੋਕਣ ਸਬੰਧੀ ਐਕਸ਼ਨ ਲਾਈਨ ਨੰਬਰ ਜਾਰੀ ਕਰਨ 'ਤੇ ਪ੍ਰਤੀਕਰਮ ਜ਼ਾਹਰ ਕਰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਸਿਰਫ਼ ਕਹਿਣ ਨਾਲ ਖ਼ਤਮ ਨਹੀਂ ਹੁੰਦਾ। ਸਿਆਸੀ ਪਾਰਟੀਆਂ ਨਵੀਂ ਸਰਕਾਰ ਬਣਨ ਸਮੇਂ ਅਜਿਹੇ ਦਾਅਵੇ ਅਤੇ ਐਲਾਨ ਕਰਿਆ ਕਰਦੀਆਂ ਹਨ। ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਆਖਿਆ ਸੀ ਕਿ ਚਾਰ ਹਫ਼ਤਿਆਂ 'ਚ ਭ੍ਰਿਸ਼ਟਾਚਾਰ ਅਤੇ ਨਸ਼ਾ ਬੰਦ ਕਰ ਦਿਆਂਗੇ, ਪਰ ਕੁਝ ਨਹੀਂ ਹੋਇਆ। 'ਆਪ' ਦਾ ਸੱਚ ਵੀ ਸਮੇਂ ਨਾਲ ਸਾਹਮਣੇ ਆ ਜਾਣਾ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਸਮਾਜ ਦੀਆਂ ਜੜ੍ਹਾਂ 'ਚ ਬੈਠਿਆ ਹੋਇਆ ਹੈ। ਸ੍ਰੀ ਬਾਦਲ ਨੇ 35 ਹਜ਼ਾਰ ਮੁਲਾਜ਼ਮ ਪੱਕੇ ਕਰਨ ਦੇ ਐਲਾਨ 'ਤੇ ਕਿਹਾ ਕਿ ਮੁਲਾਜ਼ਮਾਂ ਦੀ ਕੱਚੀ ਭਰਤੀ ਹੋਣੀ ਹੀ ਨਹੀਂ ਚਾਹੀਦੀ।

# ਭਾਰਤ ਸਰਕਾਰ ਵੱਲੋਂ 31 ਮਾਰਚ ਤੋਂ ਕਰੋਨਾ ਪਾਬੰਦੀਆਂ ਖ਼ਤਮ ਕਰਨ ਦਾ ਐਲਾਨ

## ਮਾਸਕ ਪਾਉਣ ਤੇ ਹੱਥਾਂ ਦੀ ਸਫ਼ਾਈ ਸਬੰਧੀ ਚੌਕਸੀ ਨਿਰਦੇਸ਼ ਪਾਲਣ ਦੀ ਸਲਾਹ

ਨਵੀਂ ਦਿੱਲੀ-ਕੇਂਦਰੀ ਗ੍ਰਹਿ ਮੰਤਰਾਲੇ ਨੇ ਕਰੋਨਾਵਾਇਰਸ ਦੇ ਘਟਦੇ ਮਾਮਲਿਆਂ ਮਗਰੋਂ 31 ਮਾਰਚ ਤੋਂ ਬਾਅਦ ਸਾਰੇ ਇਹਤਿਆਤੀ ਕਦਮ ਖ਼ਤਮ ਕਰਨ ਦਾ ਫ਼ੈਸਲਾ ਲਿਆ ਹੈ। ਉਂਜ ਕੇਂਦਰ ਨੇ ਸਪੱਸ਼ਟ ਕੀਤਾ ਹੈ ਕਿ ਲੋਕਾਂ ਨੂੰ ਲਾਗ ਤੋਂ ਬਚਾਅ ਲਈ ਮਾਸਕ ਪਹਿਨਣਾ ਅਤੇ ਹੱਥਾਂ ਦੀ ਸਫ਼ਾਈ ਲਈ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਨੀ ਪਵੇਗੀ। ਮੰਤਰਾਲੇ ਨੇ ਕਿਹਾ ਕਿ ਮਾਸਕ ਪਹਿਨਣ ਅਤੇ ਹੱਥਾਂ ਦੀ ਸਫ਼ਾਈ ਤੋਂ ਛੋਟ ਵਾਲੀਆਂ ਰਿਪੋਰਟਾਂ ਝੂਠੀਆਂ ਹਨ। ਸਾਰੇ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਭੇਜੇ ਸੰਦੇਸ਼ 'ਚ ਕੇਂਦਰੀ ਗ੍ਰਹਿ ਸਕੱਤਰ ਅਜੈ ਭੱਲਾ ਨੇ ਕਿਹਾ ਕਿ ਹੁਣ ਬਹੁਤੇ ਆਮ ਲੋਕ ਕੋਵਿਡ ਉਚਿਤ ਵਿਵਹਾਰ ਤੋਂ ਜਾਣੂ ਹੋ ਗਏ ਹਨ। ਇਸ ਕਰਕੇ ਹੁਣ ਕੋਵਿਡ ਕੰਟੇਨਮੈਂਟ ਸਬੰਧੀ ਕਦਮਾਂ ਲਈ ਡੀਐੱਮ ਐਕਟ ਦੀਆਂ ਧਾਰਾਵਾਂ ਲਗਾਉਣ ਦੀ ਲੋੜ ਨਹੀਂ ਹੈ। ਸ੍ਰੀ ਭੱਲਾ ਨੇ ਕਿਹਾ ਕਿ 31 ਮਾਰਚ ਨੂੰ ਮੌਜੂਦਾ ਹੁਕਮਾਂ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਹੋਰ ਕੋਈ ਹੁਕਮ ਜਾਰੀ ਨਹੀਂ ਕੀਤੇ ਜਾਣਗੇ। ਉਂਜ ਉਨ੍ਹਾਂ ਲੋਕਾਂ ਨੂੰ ਅਜੇ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਕਰੋਨਾ ਦੇ ਕੇਸਾਂ 'ਚ ਵਾਧਾ ਨਜ਼ਰ ਆਵੇ ਤਾਂ ਸੂਬੇ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਸਥਾਨਕ ਪੱਧਰ 'ਤੇ ਢੁਕਵੇਂ ਕਦਮ ਉਠਾ ਸਕਦੇ ਹਨ। ਸ੍ਰੀ ਭੱਲਾ ਨੇ ਕਿਹਾ ਕਿ ਪਿਛਲੇ ਸੱਤ ਹਫ਼ਤਿਆਂ ਤੋਂ ਕਰੋਨਾ ਕੇਸਾਂ ਦੀ ਗਿਣਤੀ 'ਚ ਤੇਜ਼ੀ ਨਾਲ ਗਿਰਾਵਟ ਦਰਜ ਕੀਤੀ ਗਈ ਹੈ। ਦੇਸ਼ 'ਚ ਮੰਗਲਵਾਰ ਤੱਕ ਕਰੋਨਾ ਦੇ 23,913 ਕੇਸ ਸਨ ਅਤੇ ਰੋਜ਼ਾਨਾ ਦੀ ਪਾਜ਼ੇਟੀਵਿਟੀ ਦਰ ਡਿੱਗ ਕੇ 0.28 ਫ਼ੀਸਦ 'ਤੇ ਪਹੁੰਚ ਗਈ ਹੈ। ਉਨ੍ਹਾਂ ਕਿਹਾ ਕਿ ਸਾਂਝੇ ਯਤਨਾ ਸਦਕਾ ਹੁਣ ਤੱਕ ਕੁੱਲ 181.56 ਕਰੋੜ ਵੈਕਸੀਨ ਦੀਆਂ ਖ਼ੁਰਾਕਾਂ ਲੱਗ ਚੁੱਕੀਆਂ ਹਨ।



# ਤੇਲ ਦੀਆਂ ਕੀਮਤਾਂ ਵਧਾਉਣ ਨਾਲ ਮਹਿੰਗਾਈ ਵਧੇਗੀ-ਹੱਲਣ

ਓਟਵਾ-ਹਾਊਸ ਆਫ ਕਾਮਨਜ਼ ਵਿਚ ਬੋਲਦਿਆਂ ਕੈਲਗਰੀ ਫੌਰੈਸਟ ਲਾਅਨ ਤੋਂ ਐਮਪੀ ਜਸਰਾਜ ਹੱਲਣ ਨੇ ਕਿਹਾ



ਕਿ ਸਰਕਾਰ ਪਹਿਲੀ ਅਪ੍ਰੈਲ ਤੋਂ ਤੇਲ ਦੀਆਂ ਕੀਮਤਾਂ ਵਧਾਉਣ ਜਾ ਰਹੀ ਹੈ ਇਸ ਨਾਲ ਪਹਿਲਾਂ ਹੀ ਵਧੀਆਂ ਖੁਰਾਕੀ ਕੀਮਤਾਂ ਵਿਚ ਹੋਰ ਵਾਧਾ ਹੋਵੇਗਾ। ਲਿਬਰਲਸ ਕੈਨੇਡੀਅਨ ਲੋਕਾਂ ਦੀ ਜਿੰਦਗੀ ਨੂੰ ਹੋਰ ਔਖਾ ਬਣਾ ਰਹੇ ਹਨ। ਆਈਆਰਸੀਸੀ ਵਿਖੇ ਨਸਲਵਾਦ ਅਤੇ ਲਿਬਰਲ ਵਲੋਂ ਪੈਦਾ ਕੀਤੇ ਇਮੀਗ੍ਰੇਸ਼ਨ ਬੈਕਲਾਗ ਕਾਰਨ ਅੰਤਰਰਾਸ਼ਟਰੀ ਵਿਦਿਆਰਥੀ ਪਹਿਲਾਂ ਹੀ ਪੀੜਤ ਹਨ। ਮੈਟਰੋ ਵੈਨਕੂਵਰ ਇਲਾਕੇ ਵਿਚ ਗੁਰੂ ਨਾਨਕ ਫੂਡ ਬੈਂਕ ਵਿਖੇ ਲਗਪਗ 70 ਫ਼ੀਸਦੀ ਫੂਡ ਬੈਂਕ ਯੂਜ਼ਰ ਅੰਤਰਰਾਸ਼ਟਰੀ ਵਿਦਿਆਰਥੀ ਹਨ। ਉਨ੍ਹਾਂ ਕਿਹਾ ਕਿ ਐਨਡੀਪੀ-ਲਿਬਰਲ ਸਰਕਾਰ ਇੰਨੇ ਸਾਰੇ ਲੋਕਾਂ ਨੂੰ ਕਿਉਂ ਦੁਖੀ ਕਰ ਰਹੀ ਹੈ।

# ਏਟੀਵੀ ਸਵਾਰ ਨੂੰ ਫਾਇਰ ਅਮਲੇ ਨੇ 30 ਫੁੱਟ ਡੂੰਘੀ ਖਾਈ ਵਿਚੋਂ ਬਚਾਇਆ

ਸਰੀ-ਇਕ ਏਟੀਵੀ ਸਵਾਰ ਦੇ ਪੋਪਲਰ ਪਾਰਕ ਦੇ ਬੰਨ੍ਹ ਤੋਂ ਹੇਠਾਂ ਡਿਗਣ ਪਿੱਛੋਂ ਐਮਰਜੈਂਸੀ ਅਮਲੇ ਨੂੰ ਸ਼ਾਮ 6.30 ਵਜੇ ਤੋਂ ਥੋੜਾ ਪਹਿਲਾਂ ਮੌਕੇ 'ਤੇ ਸੱਦਿਆ ਗਿਆ। ਫਾਇਰ ਅਧਿਕਾਰੀਆਂ ਨੇ ਦੱਸਿਆ ਕਿ ਔਰਤ 30 ਫੁੱਟ ਡੂੰਘੀ ਖਾਈ ਵਿਚ ਜਾ ਡਿਗੀ ਜਿਸ ਕਾਰਨ ਉਨ੍ਹਾਂ ਨੂੰ ਤਕਨੀਕੀ ਬਚਾਅ ਟੀਮ ਲਿਆਉਣ ਲਈ ਕਿਹਾ ਗਿਆ। ਇਕ ਰਾਹਗੀਰ ਨੇ ਉਸ ਦੀਆਂ ਮਦਦ ਲਈ ਚੀਕਾਂ ਸੁਣੀਆਂ। ਅਮਲੇ ਨੇ ਦੱਸਿਆ ਕਿ ਇਹ ਗੱਲ ਸਪਸ਼ਟ ਨਹੀਂ ਕਿ ਔਰਤ ਖਾਈ ਵਿਚ ਕਿਵੇਂ ਡਿਗੀ। ਇਸ ਇਲਾਕੇ ਵਿਚ ਏਟੀਵੀ ਲਿਜਾਣ ਦੀ ਇਜਾਜ਼ਤ ਨਹੀਂ। ਸਰੀ ਫਾਇਰ ਸਰਵਿਸ ਦੇ ਬਟਾਲੀਅਨ ਮੁਖੀ ਸਪੀਰੋ ਪੇਗਿਓਸ ਨੇ ਕਿਹਾ ਕਿ ਇਸ ਖੇਤਰ ਵਿਚ ਏਟੀਵੀ ਦਾ ਡਿਗਣਾ ਕੋਈ ਆਮ ਘਟਨਾ ਨਹੀਂ। ਔਰਤ ਦੀਆਂ ਕੁਝ ਹੱਡੀਆਂ ਟੁੱਟ ਗਈਆਂ ਅਤੇ ਇਲਾਜ ਲਈ ਉਸ ਨੂੰ ਹਸਪਤਾਲ ਲਿਜਾਇਆ ਗਿਆ ਹੈ।

# ਗੋਲੀਬਾਰੀ ਦੌਰਾਨ ਮਰਨ ਵਾਲੇ ਵਿਅਕਤੀ ਦੀ ਪਛਾਣ ਅਲੀ ਅਲ ਅਕਲ ਵਜੋਂ ਹੋਈ

ਕੈਲਗਰੀ-ਉੱਤਰੀ ਪੱਛਮੀ ਕੈਲਗਰੀ ਵਿਚ ਜਾਨਲੇਵਾ ਗੋਲੀਬਾਰੀ ਵਿਚ ਮਾਰੇ ਗਏ ਵਿਅਕਤੀ ਦੀ ਪਛਾਣ ਅਲੀ ਅਲ ਅਕਲ ਵਜੋਂ ਕੀਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਰਾਤ 12.30 ਵਜੇ 16ਵੀਂ ਐਵੀਨਿਊ ਅਤੇ ਫੋਰਥ ਸਟਰੀਟ ਐਨਡਬਲਯੂ ਦੇ ਚੌਹਾਰੇ 'ਤੇ ਅਕਲ ਰੈੱਡ ਲਾਈਟ ਹੋਣ ਕਾਰਨ ਰੁਕਿਆ ਸੀ ਜਦਕਿ ਅਕਲ ਦੇ ਟਰੱਕ ਪਿੱਛੇ ਇਕ ਮੋਟਰ ਗੱਡੀ ਆ ਕੇ ਰੁਕੀ। ਇਕ ਵਿਅਕਤੀ ਦੂਸਰੀ ਗੱਡੀ ਵਿਚੋਂ ਨਿਕਲਿਆ ਅਤੇ ਉਹ ਅਕਲ ਦੇ ਟਰੱਕ ਦੇ ਦਰਵਾਜੇ ਵੱਲ ਗਿਆ ਅਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਜਦੋਂ ਐਮਰਜੈਂਸੀ ਅਮਲਾ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲਣ ਪਿੱਛੋਂ ਮੌਕੇ 'ਤੇ ਪੁੱਜਾ ਤਾਂ 21 ਸਾਲਾ ਅਕਲ ਦੀ ਉਸ ਦੇ ਟਰੱਕ ਵਿਚੋਂ ਲਾਸ਼ ਮਿਲੀ।

# ਖੇਡ ਦੇ ਮੈਦਾਨ ਵਿਚ ਅੱਗ ਲਗਾਉਣ ਬਦਲੇ ਕਿਸ਼ੋਰ ਗ੍ਰਿਫ਼ਤਾਰ-ਇਕ ਲੱਖ ਡਾਲਰ ਦਾ ਹੋਇਆ ਨੁਕਸਾਨ

ਸਰੀ-ਡੈਲਟਾ ਵਿਚ ਪੁਲਿਸ ਨੇ ਦੱਸਿਆ ਕਿ ਅਗਜਨੀ ਮਾਮਲੇ ਵਿਚ ਇਕ ਨਾਬਾਲਗ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਸ ਨਾਲ ਹਜ਼ਾਰਾਂ ਡਾਲਰ ਦਾ ਨੁਕਸਾਨ ਹੋਇਆ ਹੈ। ਕਿਸ਼ੋਰ ਦੀ ਉਮਰ ਅਤੇ ਉਸ 'ਤੇ ਰਸਮੀ ਰੂਪ ਵਿਚ ਦੋਸ਼ ਨਾ ਲਗਾਉਣ ਕਾਰਨ ਪੁਲਿਸ ਵਿਭਾਗ ਨੇ ਉਸ ਸ਼ੱਕੀ ਨੂੰ ਸਿਰਫ ਨੌਜਵਾਨ ਆਖਿਆ ਹੈ। ਉਸ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਉਹ ਉਸ ਨੂੰ ਕਿਸੇ ਬਾਅਦ ਦੀ ਤਾਰੀਕ ਨੂੰ ਅਦਾਲਤ ਵਿਚ ਪੇਸ਼ ਕਰਨਗੇ ਅਤੇ ਵਿਅਕਤੀ ਖਿਲਾਫ ਦੋਸ਼ ਲਗਾਉਣ ਦੀ ਪ੍ਰਵਾਨਗੀ ਲਈ ਕਰਾਊਨ ਕੋਲ ਪੇਸ਼ ਕੀਤੀ ਜਾਣ ਵਾਲੀ ਜਾਣਕਾਰੀ ਜੁਟਾਈ ਜਾ ਰਹੀ ਹੈ। 5 ਮਾਰਚ ਨੂੰ ਤੜਕੇ 2 ਵਜੇ ਤੋਂ ਥੋੜਾ ਪਹਿਲਾਂ ਪੁਲਿਸ ਨੂੰ ਖੇਡ ਦੇ ਮੈਦਾਨ ਵਿਚ ਅੱਗ ਲੱਗਣ ਦੀ ਘਟਨਾ ਕਾਰਨ ਚਾਲਮਰਸ ਪਾਰਕ ਵਿਚ ਬੁਲਾਇਆ ਗਿਆ ਸੀ। ਉਂਜ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਫਾਇਰ ਫਾਈਟਰਾਂ ਨੇ ਅੱਗ ਨੂੰ ਬੁਝਾਅ ਦਿੱਤਾ ਸੀ। ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਅਗਜਨੀ ਦੀ ਜਾਂਚ ਕਰ ਰਹੀ ਹੈ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਉਹ ਕਿਹੜੇ ਸਬੂਤ ਨਾਲ ਸਿੱਟੇ 'ਤੇ ਪੁੱਜੀ ਹੈ।

# ਅੰਤਰਿਮ ਸਾਲਸੀ ਲਈ ਸੀਪੀ ਰੇਲ ਤੇ ਯੂਨੀਅਨ ਵਿਚਕਾਰ ਸਹਿਮਤੀ ਹੋਣ ਪਿੱਛੋਂ ਕਾਮੇ ਕੰਮ 'ਤੇ ਪਰਤੇ

ਵੈਨਕੂਵਰ-ਕੈਨੇਡੀਅਨ ਪੈਸੀਫਿਕ ਰੇਲਵੇ ਲਿਮਟਿਡ ਰੇਲ ਮੁਲਾਜ਼ਮ ਕੰਮ 'ਤੇ ਵਾਪਸ ਆ ਗਏ ਹਨ ਪਰ ਲੇਬਰ ਮਾਮਲਿਆਂ ਸਬੰਧੀ ਇਕ ਮਾਹਿਰ ਦਾ ਕਹਿਣਾ ਕਿ ਦੇਸ਼ ਦੇ ਦੂਸਰੇ ਸਭ ਤੋਂ ਵੱਡੇ ਰੇਲਵੇ ਅਤੇ ਯੂਨੀਅਨ ਜਿਹੜੀ 3000 ਕੰਡਕਟਰਾਂ, ਇੰਜੀਨੀਅਰਾਂ, ਰੇਲ ਤੇ ਯਾਰਡ ਕਾਮਿਆਂ ਦੀ ਪ੍ਰਤੀਨਿਧਤਾ ਕਰਦੀ ਹੈ ਵਿਚਕਾਰ ਮਾਮਲਾ ਤਹਿ ਹੋਣ ਤੋਂ ਪਹਿਲਾਂ ਹਫ਼ਤਿਆਂ ਦਾ ਸਮਾਂ ਲੱਗ ਸਕਦਾ ਹੈ। ਸੀਪੀ ਰੇਲ ਤੇ ਟੀਮਸਟਰਜ਼ ਕੈਨੇਡੇ ਰੇਲਵੇ ਕਾਨਫਰੰਸ ਨੇ ਮੰਗਲਵਾਰ ਐਲਾਨ ਕੀਤਾ ਕਿ ਉਹ ਹੜਤਾਲ ਜਿਹੜੀ ਵੀਕਐਂਡ 'ਤੇ ਸ਼ੁਰੂ ਹੋਈ ਸੀ ਨੂੰ ਖਤਮ ਕਰਨ ਲਈ ਅੰਤਿਮ ਤੇ ਪਾਬੰਦ ਹੋਣ ਵਾਲੀ ਸਾਲਸੀ ਲਈ ਸਹਿਮਤ ਹੋ ਗਏ ਹਨ। ਕੁਈਨਸਲੈਂਡ ਯੂਨੀਵਰਸਿਟੀ ਵਿਖੇ ਲੇਬਰ ਤੇ ਰੋਜ਼ਗਾਰ ਪ੍ਰੋਫੈਸਰ ਰਾਬਰਟ ਹਿਕੀ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਇਸ ਕੰਪਨੀ ਦੇ ਹਾਈ ਪ੍ਰੋਫਾਈਲ ਨੂੰ ਦੇਖਦੇ ਹੋਏ ਸਾਲਸੀ ਪ੍ਰਕਿਰਿਆ ਫਾਸਟ-ਟਰੈਕ ਕੀਤੀ ਜਾਵੇਗੀ ਪਰ ਫਿਰ ਵੀ ਅਸੀਂ ਦਿਨਾਂ ਦੀ ਨਹੀਂ ਹਫ਼ਤਿਆਂ ਦੀ ਗੱਲ ਕਰ ਰਹੇ ਹਾਂ।

# ਮਜ਼ਰਾਟੀ ਨੇ ਆਪਣੀ ਪਹਿਲੀ ਐਸਯੂਵੀ ਦਾ ਕੀਤਾ ਖੁਲਾਸਾ

ਓਟਵਾ-ਮੰਗਲਵਾਰ ਮਜ਼ਰਾਟੀ ਨੇ ਆਪਣੇ ਪਹਿਲੀ ਨਵੀਂ ਗਰੇਕਲ ਐਸਯੂਵੀ ਦਾ ਖੁਲਾਸਾ ਕੀਤਾ ਹੈ। ਇਹ ਇਟਾਲੀਅਨ ਲਗਜ਼ਰੀ ਬਰਾਂਡ ਦੇ ਇਤਿਹਾਸ ਵਿਚ ਕੇਵਲ ਦੂਸਰੀ ਐਸਯੂਵੀ ਹੈ ਅਤੇ ਇਹ ਪਹਿਲੀ ਐਸਯੂਵੀ ਹੈ ਜਿਹੜੀ ਸਾਰੇ ਇਲੈਕਟ੍ਰਿਕ ਸੰਸਕਰਣ ਵਿਚ ਉਪਲਬਧ ਹੋਵੇਗੀ। 2030 ਤਕ ਇਟਾਲੀਅਨ ਕਾਰ ਬਰਾਂਡ ਨੂੰ ਮੁਕੰਮਲ ਇਲੈਕਟ੍ਰਿਕ ਬਣਾਉਣ ਵੱਲ ਇਹ ਸ਼ੁਰੂਆਤੀ ਕਦਮ ਹੈ। ਮਜਰੇਟੀ ਐਗਜ਼ੀਕਿਊਟਿਵਸ ਨੇ ਕਿਹਾ ਕਿ ਇਸੇ ਦੌਰਾਨ ਮਜ਼ਰਾਟੀ ਦੇ ਸਾਰੇ ਮਾਡਲ 2025 ਤਕ ਇਲੈਕਟ੍ਰਿਕ ਸੰਸਕਰਣ ਵਿਚ ਉਪਲਬਧ ਹੋਣਗੇ। ਗਰੇਕਲ ਉੱਚ ਪ੍ਰਦਰਸ਼ਨ ਵਾਲੇ ਵੀ6 ਇੰਜਣ ਜਾਂ ਹਲਕੇ ਹਾਈਬ੍ਰਿਡ ਸਿਸਟਮ ਨਾਲ ਚਾਰ ਸਿਲੰਡਰ ਇੰਜਣ ਨਾਲ ਉਪਲਬਧ ਹੋਵੇਗਾ। ਸਾਰੇ ਇਲੈਕਟ੍ਰਿਕ ਸੰਸਕਰਣ ਜਿਨ੍ਹਾਂ ਨੂੰ ਗਰੇਕਲਫੋਲਗੋਰ ਕਿਹਾ ਜਾਂਦਾ ਹੈ ਅਗਲੇ ਸਾਲ ਤੋਂ ਵਿਕਰੀ ਲਈ ਉਪਲਬਧ ਹੋਣਗੇ। ਗਰੇਕਲ ਲੇਵਾਂਤੇ ਐਸਯੂਵੀ ਤੋਂ ਛੋਟੀ ਹੈ ਜਿਹੜੀ ਪਿਛਲੇ ਸਾਲ ਮਜਰੇਟੀ ਦੀ ਵਿਸ਼ਵਵਿਆਪੀ ਵਿਕਰੀ ਦਾ 59 ਫ਼ੀਸਦੀ ਸੀ।

# ਔਰਤ ਦੇ ਕਤਲ ਦੇ ਦੋਸ਼ ਵਿਚ ਵਿਅਕਤੀ ਨੂੰ 10 ਸਾਲ ਕੈਦ ਦੀ ਸਜ਼ਾ

ਸਰੀ- 22 ਸਾਲਾ ਕਾਸਟਿਲੋ ਟੋਬੀਅਸ ਵਲੋਂ ਨਿਊ ਵੈਸਟਮਨਿਸਟਰ ਪ੍ਰੋਵਿੰਸ਼ੀਅਲ ਅਦਾਲਤ ਵਿਚ 49 ਸਾਲਾ ਮਾ ਸੇਸਿਲੀਆ ਲੋਰੇਟੋ ਦੇ ਬਰਨਬੀ ਪਾਰਕ ਵਿਚ ਮੈਨਸਲਾਟਰ ਅਤੇ ਫਿਰ ਉਸ ਦੀ ਲਾਸ਼ ਨੂੰ ਸਾੜ ਕੇ ਉਸ ਦਾ ਨਿਪਟਾਰਾ ਕਰਨ ਵਿਚ ਮਦਦ ਕਰਨ ਦਾ ਕਸੂਰ ਸਵੀਕਾਰ ਕਰਨ ਪਿੱਛੋਂ ਉਸ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਕਤਲ ਵਾਲੇ ਦਿਨ ਟੋਬੀਅਸ ਇਕ 15 ਸਾਲ ਕਿਸ਼ੋਰ ਨਾਲ ਨਿਊ ਵੈਸਟਮਿਨਸਟਰ ਵਿਚ ਪੀੜਤ ਦੀ ਰਿਹਾਇਸ਼ 'ਤੇ ਮੌਜੂਦ ਸੀ। ਜਦੋਂ ਪੀੜਤ ਘਰ ਪਰਤੀ ਤਾਂ ਕਿਸ਼ੋਰ ਉਸ ਨੂੰ ਇਕ ਬੈੱਡਰੂਮ ਵਿਚ ਲੈ ਗਿਆ ਜਿਥੇ ਟੋਬੀਅਸ ਇਕ ਦਰਵਾਜੇ ਪਿੱਛੇ ਲੁਕਿਆ ਹੋਇਆ ਸੀ। ਲੋਰੇਟੋ ਜਿਉਂ ਹੀ ਬੈੱਡਰੂਮ ਵਿਚ ਦਾਖਲ ਹੋਈ ਤਾਂ ਟੋਬੀਅਸ ਨੇ ਉਸ ਦੇ ਚਿਹਰੇ 'ਤੇ ਘਸੁੰਨ ਮਾਰਿਆ ਜਿਸ ਨਾਲ ਉਹ ਬੇਹੋਸ਼ ਹੋ ਗਈ। ਕਿਸ਼ੋਰ ਜਿਸ 'ਤੇ ਦੋਸ਼ ਲਗਾਇਆ ਗਿਆ ਤੇ ਵੱਖਰਾ ਕੇਸ ਚਲਾਇਆ ਜਾਵੇਗਾ ਜਿਸ ਦੀ ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਪਛਾਣ ਨਹੀਂ ਦੱਸੀ ਗਈ, ਇਕ ਕਮਰੇ ਵਿੱਚੋਂ ਕਰਦ ਲੈ ਕੇ ਆਇਆ ਅਤੇ ਪੀੜਤ 'ਤੇ ਦੋ ਵਾਰ ਕੀਤੇ। ਟੋਬੀਅਸ ਕੋਲ ਘਟਨਾ ਤੋਂ ਪਹਿਲਾਂ ਚਾਕੂ ਨਹੀਂ ਸੀ ਦੇਖਿਆ ਗਿਆ।

# ਨਸਲੀ ਵਿਤਕਰੇ ਦੇ ਖਾਤਮ ਲਈ ਅੰਤਰਰਾਸ਼ਟਰੀ ਦਿਵਸ 'ਤੇ ਸਤਬੀਰ ਸਿੰਘ ਚੀਮਾ ਦਾ ਸਖਤ ਸੁਨੇਹਾ

ਸਰੀ-ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਜ (ਪਿਕਸ) ਸੁਸਾਇਟੀ ਦੇ ਪ੍ਰਧਾਨ ਸਤਬੀਰ ਸਿੰਘ ਚੀਮਾ ਨੇ ਇਕ ਬਿਆਨ ਵਿਚ ਕਿਹਾ ਕਿ ਨਸਲੀ ਭੇਦਭਾਵ ਦੇ ਖਾਤਮ ਲਈ ਅੰਤਰਰਾਸ਼ਟਰੀ ਦਿਵਸ ਸਾਡੇ ਇਸ ਡੂੰਘੇ ਵਿਸ਼ਵਾਸ਼ ਨੂੰ ਮੁੜ ਬਹਾਲ ਕਰਦਾ ਹੈ ਕਿ ਸਾਨੂੰ ਇਸ ਤਰ੍ਹਾਂ ਦੀਆਂ ਨੀਤੀਆਂ ਦੀ ਲੋੜ ਹੈ ਜਿਹੜੀਆਂ ਯੋਜਨਾਬੱਧ ਨਸਲਵਾਦ ਨੂੰ ਖਤਮ ਕਰ ਸਕਣ ਅਤੇ ਨਸਲੀ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕਣ। ਪਿਛਲੇ ਦੋ ਕੁ ਸਾਲਾਂ ਨੇ ਮੇਰੀ ਨਿੱਜੀ ਵਚਨਬੱਧਤਾ ਨੂੰ ਇਕ ਜ਼ਿਆਦਾ ਵਿਭਿੰਨ ਅਤੇ ਸਮਲਿਤ ਸਮਾਜ ਦੇ ਨਿਰਮਾਣ ਪ੍ਰਤੀ ਹੋਰ ਡੂੰਘਾ ਕੀਤਾ ਹੈ। ਕੈਨੇਡਾ ਵਰਗੇ ਬਸਤੀਵਾਦੀ ਦੇਸ਼ ਵਿਚ ਯੋਜਨਾਬੱਧ ਨਸਲਵਾਦ ਦੀਆਂ ਹਰੇਕ ਪ੍ਰਣਾਲੀ ਵਿਚ ਡੂੰਘੀਆਂ ਜੜ੍ਹਾਂ ਹਨ। ਚੀਮਾ ਦਾ ਕਹਿਣਾ ਕਿ ਪਿਕਸ ਸੁਸਾਇਟੀ ਦਾ ਉਦੇਸ਼ ਭਾਈਚਾਰੇ ਨੂੰ ਨਸਲਵਾਦ ਦੇ ਖਾਤਮੇ ਲਈ ਸਿੱਖਿਅਤ ਤੇ ਪ੍ਰੇਰਿਤ ਕਰਨਾ ਹੈ।

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

ੴ ਵਾਹਿਗੁਰੂ ਜੀ ਕੀ ਫਤਹਿ॥

# KHALSA DIWAN SOCIETY

## GURDWARA SAHIB

(Established in 1906)

8000 Ross Street, Vancouver, BC, V5X 4C5 Canada Ph: (604) 322-5610 or (604) 324-2010
Fax: (604) 322-0504 • Email: kdsross@live.com





## PROGRAM SCHEDULE:

| | |
|---|---|
| **8:00 am - 9:45 am** | Kirtan (Hymn Singing) |
| **9:45 am - 10:15 am** | Reception of Dignitaries |
| **10:15 am - 11:40 am** | Speeches |
| **11:45 am** | Ardas |

**Outside Celebrations - 12:00 Noon**

Vaisakhi is a very important day for the Sikhs and one of the most colourful events in the Sikh calendar. It occurs during mid-April every year and traditionally coincides in Punjab with the first harvesting of the crops for the year. So historically, Vaisakhi has been a very joyous occasion and a time for celebration. Since 1699, Vaisakhi has marked the very significant religious event of creation of the Khalsa.

# *Vaisakhi Day Celebration*

## Saturday, April 16, 2022

**The Khalsa Diwan Society** is a pioneer Sikh Society and was formally established in 1906. In 1908 the Society built the first Sikh Gurdwara at 1866 West 2nd Avenue, Vancouver, BC. This Gurdwara served the community until 1970 when the new Ross Street (now Khalsa Diwan Road) location was opened and refurbish & extendended in 2018. The Khalsa Diwan Society has played a major role in the social and economic development of the Canadian society, raising Sikhi & Humanitarian related issues and getting recognition for Sikhs in Canada.

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

ਸੰਗਤਾਂ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਹਾਲਾਤਾਂ ਨੂੰ ਵੇਖਦੇ ਹੋਏ ਇਸ ਸਾਲ 16 ਅਪ੍ਰੈਲ 2022 ਦਿਨ ਸ਼ਨੀਵਾਰ ਖਾਲਸੇ ਦੇ ਸਾਜਨਾ ਦਿਵਸ ਨੂੰ ਸਮਰਪਿਤ ਸਮਾਗਮ ਗੁਰਦੁਆਰਾ ਸਾਹਿਬ ਦੇ ਅਦਾਰੇ ਦੇ ਅੰਦਰ ਹੀ ਵੱਡੇ ਪੱਧਰ 'ਤੇ ਹੋਣਗੇ। ਹਾਜ਼ਰੀ ਭਰ ਰਹੀਆਂ ਸੰਗਤਾਂ ਦੀ ਸਹੂਲਤ ਲਈ ਲੰਗਰਾਂ ਦੇ ਸਟਾਲ, ਦਸਤਾਰਬੰਦੀ, ਧਾਰਮਿਕ ਕਿਤਾਬਾਂ ਦੇ ਸਟਾਲ ਆਦਿ ਲੱਗਣਗੇ। ਪੰਥ ਪ੍ਰਸਿੱਧ ਕੀਰਤਨੀ ਜਥੇ, ਢਾਡੀ, ਕਥਾਵਾਚਕ ਅਤੇ ਕਵੀਸ਼ਰੀ ਜਥੇ ਅਤੇ ਗੱਤਕਾ ਪਾਰਟੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

**ਵਿਸ਼ੇਸ਼ ਪ੍ਰੋਗਰਾਮ**

**15 ਅਪ੍ਰੈਲ 2022, ਦਿਨ ਸ਼ੁੱਕਰਵਾਰ**

**ਅੰਮ੍ਰਿਤ ਸੰਚਾਰ ਸਵੇਰੇ 9:00 ਵਜੇ ਮਿਊਜ਼ੀਅਮ ਵਿਚ, ਸੰਪਰਕ ਗਿਆਨੀ ਹਰਮਿੰਦਰਪਾਲ ਸਿੰਘ, ਫੋਨ 778-706-5166**

**ਨਿਸ਼ਾਨ ਸਾਹਿਬ ਦੀ ਸੇਵਾ: 12:00 ਵਜੇ**

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਵੱਧ ਤੋਂ ਵੱਧ ਹਾਜ਼ਰੀ ਭਰੋ ਅਤੇ ਤਨ, ਮਨ ਅਤੇ ਧਨ ਨਾਲ ਸੇਵਾ ਨਿਭਾਅ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਸਟਾਲ ਲਾਉਣ ਲਈ ਭਾਈ ਗੁਰਦੀਪ ਸਿੰਘ ਹੇਅਰ (604-763-7585) ਨਾਲ ਸੰਪਰਕ ਕਰੋ। ਸੀਮਤ ਸਥਾਨ ਹੋਣ ਕਰਕੇ ਪਹਿਲ ਦੇ ਆਧਾਰ (First Come First Serve) ਤੇ ਸਟਾਲਾਂ ਦੀ ਬੁਕਿੰਗ ਹੋਵੇਗੀ।

**ਮੁੱਖ ਸੇਵਾਦਾਰ: ਮਲਕੀਅਤ ਸਿੰਘ ਧਾਮੀ**

Tel: **604-322-5610** or email **kdsross@live.com**

| | | | | | |
|---|---|---|---|---|---|
| **President:** | **Malkiat Singh Dhami** | (Cell: 604-728-8548) | **Gen. Secretary:** | **Jarnail Singh Bhandal** | (Cell: 604-722-6544) |
| **Treasure:** | **Kuldip Singh Thandi** | (Cell: 604-377-3114) | **Head Granthi:** | **Harminderpal Singh** | (Cell: 778-706-5166) |

# ਯੂਸੀਪੀ ਅਲਬਰਟਾ ਦੀ ਟਰੈਫਿਕ ਕੋਰਟ ਵਿਚ ਤਬਦੀਲੀਆਂ ਤੋਂ ਪਿੱਛੇ ਹਟੀ

ਐਡਮਿੰਟਨ-ਸੂਬੇ ਦੀ ਟਰਾਂਸਪੋਰਟ ਮੰਤਰੀ ਨੇ ਦਲੀਲ ਦਿੱਤੀ ਕਿ ਅਲਬਰਟਾ ਨੂੰ ਲੱਖਾਂ ਟ੍ਰੈਫਿਕ ਟਿਕਟਾਂ ਨੂੰ ਆਨਲਾਈਨ ਕਰਨ ਤੇ ਅਦਾਲਤਾਂ ਤੋਂ ਦੂਰ ਨਹੀਂ ਲਿਜਾਣਾ ਚਾਹੀਦਾ। ਨਿਆਂ ਪ੍ਰੀਵਰਤਨ ਪਹਿਲਕਦਮੀ ਵਲੋਂ ਪ੍ਰੋਵਿੰਸ਼ੀਅਲ ਐਡਮਨਿਸਟਰੇਟਿਵ ਪਨਲਟੀਜ਼ ਐਕਟ ਵਿਚ ਤਬਦੀਲੀਆਂ ਨੂੰ ਲੈ ਕੇ ਸਰਕਾਰ ਦੀ ਵੱਡੇ ਪੱਧਰ 'ਤੇ ਆਲੋਚਨਾ ਪਿੱਛੋਂ ਨੀਤੀ ਵਿਚ ਬਦਲਾਅ ਕੀਤਾ ਗਿਆ। ਤਬਦੀਲੀਆਂ ਜਨਵਰੀ ਵਿਚ ਲੀਕ ਹੋ ਕੇ ਪੱਤਰਕਾਰਾਂ ਕੋਲ ਪਹੁੰਚ ਗਈਆਂ। ਉਸ ਸਮੇਂ ਅਧਿਕਾਰੀਆਂ ਨੇ ਦਲੀਲ ਦਿੱਤੀ ਕਿ ਉਹ ਹੋਰ ਅਦਾਲਤ ਤੇ ਪੁਲਿਸ ਵਸੀਲਿਆਂ ਨੂੰ ਖਾਲੀ ਕਰਨ ਲਈ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੰਤਰੀ ਰਾਜਨ ਸਾਹਨੀ ਹੁਣ ਸਿਫਾਰਸ਼ ਕਰ ਰਹੀ ਹੈ ਕਿ ਯੋਜਨਾ ਨੂੰ ਖਤਮ ਕੀਤਾ ਜਾਵੇ ਕਿਉਂਕਿ ਇਹ ਸਰਕਾਰ ਦੀ ਆਸ ਮੁਤਾਬਿਕ ਪ੍ਰਭਾਵਸ਼ਾਲੀ ਜਾਂ ਲੋਕਪ੍ਰਿਯ ਨਹੀਂ ਹੈ। ਅਸੀਂ ਅਲਬਰਟਾ ਵਾਸੀਆਂ, ਸਾਡੀਆਂ ਸੰਬਧਤ ਧਿਰਾਂ ਅਤੇ ਐਮਐਲਏ ਤੋਂ ਪ੍ਰਤੀਕਿਰਿਆ ਪਿੱਛੋਂ ਸਿਫਾਰਸ਼ ਕੀਤੀ ਹੈ। ਨਵੀਂ ਦਿਸ਼ਾ ਨੂੰ ਅਜੇ ਕੈਬਨਿਟ ਦੀ ਪ੍ਰਵਾਨਗੀ ਦੀ ਲੋੜ ਹੈ ਅਤੇ ਉਨ੍ਹਾਂ ਨੇ ਪੱਤਰਾਕਰਾਂ ਨੂੰ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਨੇ ਪਹਿਲਾਂ ਕਿਉਂ ਸੋਚਿਆ ਸੀ ਕਿ ਤਬਦੀਲੀਆਂ ਇਕ ਚੰਗਾ ਵਿਚਾਰ ਹੈ।

# ਅਲਬਰਟਾ ਕੋਵਿਡ-19 ਰਿਕਾਰਡ ਸਿਸਟਮ ਨੂੰ ਹੈਕ ਕਰਨ ਲਈ ਪ੍ਰੀਮੀਅਰ ਦੀ ਜਨਮ ਮਿਤੀ ਦੀ ਵਰਤੋਂ ਕੀਤੀ-ਐਮਐਲਏ ਨੇ ਮੰਨਿਆਂ



ਐਡਮਿੰਟਨ-ਸਾਊਥ ਐਮਐਲਏ ਥਾਮਸ ਡਾਂਗ ਦਾ ਕਹਿਣਾ ਕਿ ਉਸ ਨੇ ਸਤੰਬਰ ਵਿਚ ਕੋਵਿਡ-19 ਟੀਕਾਕਰਣ ਵੈੱਬਸਾਈਟ ਨੂੰ ਹੈਕ ਕਰਕੇ ਅਤੇ ਪ੍ਰਕਿਰਿਆ ਵਿਚ ਇਕ ਆਮ ਨਾਗਰਿਕ ਦੀ ਨਿੱਜੀ ਜਾਣਕਾਰੀ ਤਕ ਪਹੁੰਚ ਕਰਕ ਇਹ ਸਾਬਤ ਕਰਨ ਲਈ ਅਲਬਰਟਾ ਦੇ ਪ੍ਰੀਮੀਅਰ ਦੇ ਜਨਮ ਮਿਤੀ ਦੀ ਵਰਤੋਂ ਕੀਤੀ ਸੀ ਕਿ ਸਰਕਾਰ ਸਭ ਤੋਂ ਮੁੱਢਲੇ ਸੁਰੱਖਿਆ ਪ੍ਰੋਟੋਕੋਲਸ ਨੂੰ ਲਾਗੂ ਕਰਨ ਵਿਚ ਨਾਕਾਮ ਰਹੀ ਹੈ। ਮੰਗਲਵਾਰ ਨੂੰ ਪ੍ਰਕਾਸ਼ਤ ਵਾਈਟ ਪੇਪਰ ਵਿਚ ਡਾਂਗ ਨੇ ਕਿਹਾ ਕਿ ਉਸ ਨੇ ਜੈਸਨ ਕੈਨੀ ਦੀ ਜਨਮ ਮਿਤੀ ਇਸ ਲਈ ਵਰਤੀ ਕਿਉਂਕਿ ਪ੍ਰੀਮੀਅਰ ਦੀ ਟੀਕਾਕਰਣ ਦੀ ਸਥਿਤੀ ਪਹਿਲਾਂ ਹੀ ਜਨਤਕ ਸੀ ਅਤੇ ਸਰਕਾਰ ਵਲੋਂ ਇਸ ਦੀ ਆਸਾਨੀ ਨਾਲ ਪੁਸ਼ਟੀ ਕੀਤੀ ਜਾ ਸਕੇਗੀ। ਉਸ ਸਮੇਂ ਸਰਕਾਰੀ ਵੈੱਬਸਾਈਟ ਨੂੰ ਅਲਬਰਟਾ ਦੇ ਟੀਕਾਕਰਣ ਸਬੂਤ ਦਾ ਪੀਡੀਐਫ ਸੰਸਕਰਣ ਡਾਊਨਲੋਡ ਕਰਨ ਲਈ ਜਾਣਕਾਰੀ ਦੀ ਲੋੜ ਸੀ। ਡਾਂਗ ਮੌਜੂਦਾ ਸਮੇਂ ਅਥਾਬਾਸਕਾ ਯੂਨੀਵਰਸਿਟੀ ਵਿਖੇ ਕੰਪਿਊਟਰ ਸਾਇੰਸ ਦੀ ਡਿਗਰੀ ਕਰ ਰਹੇ ਹਨ। ਡਾਂਗ ਨੇ ਪਹਿਲਾਂ ਇਹ ਖੁਲਾਸਾ ਨਹੀਂ ਕੀਤਾ ਸੀ ਕਿ ਉਸ ਨੇ ਇਕ ਨਾਗਰਿਕ ਦੀ ਫਾਈਲ ਤਕ ਪਹੁੰਚ ਕੀਤੀ ਹੈ।

# ਪ੍ਰੀਮੀਅਰ ਕੈਨੀ ਨੇ ਲਿਬਰਲ ਅਤੇ ਐਨਡੀਪੀ ਦੇ ਵਿਸ਼ਵਾਸ਼ ਸਮਝੌਤੇ ਨੂੰ ਕੀਤਾ ਖਾਰਜ

ਐਡਮਿੰਟਨ-ਓਟਵਾ ਵਿਚ ਫੈਡਰਲ ਲਿਬਰਲਸ ਤੇ ਨਿਊ ਡੈਮੋਕਰੈਟਸ ਵਿਚਕਾਰ ਵਿਸ਼ਵਾਸ਼ ਸਮਝੌਤਾ ਜਿਸ ਕਾਰਨ ਐਨਡੀਪੀ ਨਾਲ ਗੱਠਜੋੜ ਕਰਕੇ ਘੱਟਗਿਣਤੀ ਲਿਬਰਲ ਸਰਕਾਰ ਸੱਤਾ ਵਿਚ ਰਹੇਗੀ ਅਲਬਰਟਾ ਦੇ ਪ੍ਰੀਮੀਅਰ ਜੈਸਨ ਕੈਨੀ ਲਈ ਇਕ ਝਟਕਾ ਹੈ। ਲੈਜਿਸਲੇਚਰ ਵਿਚ ਪ੍ਰਸ਼ਨ ਕਾਲ ਦੌਰਾਨ ਕੈਨੀ ਨੇ ਦਾਅਵਾ ਕੀਤਾ ਕਿ ਇਹ ਸਮਝੌਤਾ ਅਲਬਰਟਾ ਐਨਰਜੀ ਦੀਆਂ ਵਿਸ਼ਵ ਪੱਧਰ 'ਤੇ ਪ੍ਰਚਾਰ ਕਰਨ ਦੀਆਂ ਕੋਸ਼ਿਸ਼ਾਂ ਨੂੰ ਹੋਰ ਤਬਾਹ ਕਰੇਗਾ। ਕੈਨੀ ਨੇ ਕਿਹਾ ਕਿ ਸਾਨੂੰ ਪਹਿਲਾਂ ਤੋਂ ਪਤਾ ਸੀ ਕਿ ਐਨਡੀਪੀ ਜਸਟਿਨ ਟਰੂਡੋ ਨਾਲ ਮਿਲੀ ਹੋਈ ਹੈ। ਹੁਣ ਇਹ ਕੰਮ ਰਸਮੀ ਹੋ ਗਿਆ ਹੈ, ਓਟਵਾ ਵਿਚ ਹੋਇਆ ਰਾਜਸੀ ਵਿਆਹ ਟਰੂਡੋ ਦੀਆਂ ਅਲਬਰਟਾ ਵਿਰੋਧੀ ਨੀਤੀਆਂ ਨੂੰ ਅਗਲੇ ਤਿੰਨ ਸਾਲ ਲਾਗੂ ਰੱਖੇਗਾ। ਮੈਂ ਉਨ੍ਹਾਂ ਨੂੰ ਧਿਆਨ ਵਿਚ ਰੱਖਿਆ ਹੈ ਅਤੇ ਇਹ ਸਰਕਾਰ ਸਾਡੀ ਆਰਥਿਕਤਾ ਦੇ ਬਚਾਅ ਲਈ ਲੜਾਈ ਲੜੇਗੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਐਨਡੀਪੀ ਨੇਤਾ ਜਗਮੀਤ ਸਿੰਘ ਨੇ ਸੋਮਵਾਰ ਦੇਰ ਰਾਤ ਸਮਝੌਤਾ ਕੀਤਾ ਸੀ।

# ਮੈਨੀਟੋਬਾ ਸਰਕਾਰ ਅਗਲੇ ਮਹੀਨੇ ਪੇਸ਼ ਕਰੇਗੀ 2022 ਬਜਟ

ਵਿਨੀਪੈਗ-ਵਿੱਤ ਮੰਤਰੀ ਕੈਮਰੋਨ ਫ੍ਰੀਸਨ ਨੇ ਇਕ ਨਿਊਜ਼ ਰਿਲੀਜ਼ ਵਿਚ ਐਲਾਨ ਕਰਦਿਆਂ ਕਿਹਾ ਕਿ ਸੂਬਾ ਆਰਥਿਕ ਤੇ ਸਮਾਜਿਕ ਰਿਕਵਰੀ ਲਈ ਆਪਣੀਆਂ ਵਿੱਤੀ ਤਰਜੀਹਾਂ ਤੇ ਯੋਜਨਾ ਦੀ ਰੂਪਰੇਖਾ ਤਿਆਰ ਕਰੇਗਾ। ਮਨੀਟੋਬਾ ਸਰਕਾਰ 12 ਅਪ੍ਰੈਲ ਨੂੰ 2022 ਦਾ ਸੂਬਾਈ ਬਜਟ ਪੇਸ਼ ਕਰੇਗੀ। ਫ੍ਰੀਸਨ ਨੇ ਕਿਹਾ ਕਿ ਬਜਟ 2022 ਸਾਡਾ ਸਿਹਤ ਸੰਭਾਲ ਸਿਸਟਮ ਨੂੰ ਮਜ਼ਬੂਤ ਕਰਨ, ਕਿਫਾਇਤ 'ਤੇ ਧਿਆਨ ਕੇਂਦਰਿਤ ਕਰਨ, ਸਾਡੀਆਂ ਕਮਿਊਨਿਟੀਸ 'ਤੇ ਨਿਵੇਸ਼ ਕਰਨ ਲਈ ਤਰੀਕੇ ਲੱਭਣ ਅਤੇ ਮਨੀਟੋਬਾ ਵਾਤਾਵਰਣ ਦੀ ਰੱਖਿਆ ਕਰਨ 'ਤੇ ਕੇਂਦਰਿਤ ਹੋਵੇਗਾ। ਸਾਨੂੰ ਆਪਣੀ ਆਰਥਿਕਤਾ ਦੇ ਮੁੜ ਨਿਰਮਾਣ ਨੂੰ ਜਾਰੀ ਰੱਖਣਾ ਪਵੇਗਾ ਅਤੇ ਉਸ ਕਿਸੇ ਚੀਜ਼ ਨੂੰ ਹੱਲ ਕਰਨ ਵੱਲ ਕੰਮ ਕੀਤਾ ਜਾਵੇਗਾ ਜਿਸ ਬਾਰੇ ਹਰ ਕੋਈ ਚਿੰਤਤ ਹੈ ਉਹ ਹੈ ਜਿੰਦਗੀ ਨੂੰ ਹੋਰ ਕਿਫਾਇਤੀ ਬਣਾਉਣਾ। ਫ੍ਰੀਸਨ ਮੁਤਾਬਿਕ 51000 ਤੋਂ ਵੀ ਜ਼ਿਆਦਾ ਮਨੀਟੋਬਾ ਵਾਸੀਆਂ ਨੇ ਟੈਲੀਫੋਨ ਟਾਊਨ ਹਾਲਸ, ਵਰਚੂਅਲ ਮੀਟਿੰਗਾਂ, ਆਨਲਾਈਨ ਸਰਵੇਖਣ ਤੇ ਈਮੇਲ ਅਤੇ ਲਿਖਤੀ ਦਲੀਲਾਂ ਨਾਲ ਬਜਟ ਸਲਾਹ ਮਸ਼ਵਰੇ ਵਿਚ ਹਿੱਸਾ ਲਿਆ ਹੈ। ਸੂਬੇ ਨੇ ਦੇਖਿਆ ਕਿ ਆਨਲਾਈਨ ਸਰਵੇਖਣ ਵਿਚ ਹਿੱਸਾ ਲੈਣ ਵਾਲੇ ਬਹੁਤੇ ਲੋਕਾਂ ਨੇ ਹੈਲਥ ਕੇਅਰ ਨੂੰ ਆਪਣੀ ਤਰਜੀਹ ਦਿੱਤੀ ਹੈ।

# ਪ੍ਰੋਗਰੈਸਿਵ ਕੰਸਰਵੇਟਿਵ ਪਾਰਟੀ ਨੇ ਫੋਰਟ ਵਾਈਟ ਸੀਟ ਦੀ ਜ਼ਿਮਨੀ ਚੋਣ ਬਹੁਤ ਘੱਟ ਵੋਟਾਂ ਦੇ ਫਰਕ ਨਾਲ ਜਿੱਤੀ

ਵਿੰਨੀਪੈਗ-ਮਨੀਟੋਬਾ ਦੀ ਪ੍ਰੀਮੀਅਰ ਹੀਥਰ ਸਟੀਫਨਸਨ ਦਾ ਕਹਿਣਾ ਕਿ ਬੀਤੀ ਰਾਤ ਦੇ ਜ਼ਿਮਨੀ ਚੋਣ ਦੇ ਬਹੁਤ ਘੱਟ ਫਰਕ ਵਾਲੇ ਨਤੀਜੇ ਇਸ ਗੱਲ ਦਾ ਸੰਕੇਤ ਹਨ ਕਿ ਲੋਕਾਂ ਦਾ ਭਰੋਸਾ ਜਿੱਤਣ ਲਈ ਸਰਕਾਰ ਨੂੰ ਕੰਮ ਕਰਨ ਦੀ ਲੋੜ ਹੈ। ਵਿਨੀਪੈਗ ਵਿਚ ਫੋਰਟ ਵਾਈਟ ਸੀਟ ਸਟੀਫਨਸਨ ਦੀ ਪ੍ਰੋਗਰੈਸਿਵ ਕੰਸਰਵੇਟਿਵਸ ਨੇ ਬਹੁਤ ਥੋੜੇ ਫਰਕ ਨਾਲ ਜਿੱਤੀ ਜਿਹੜੀ ਇਤਿਹਾਸਕ ਤੌਰ 'ਤੇ ਟੋਰੀ ਪਾਰਟੀ ਦਾ ਗੜ੍ਹ ਰਹੀ ਹੈ। ਟੋਰੀ ਓਬੀ ਖਾਨ ਨੇ ਲਿਬਰਲ ਪਾਰਟੀ ਉਮੀਦਵਾਰ ਵਿਲਾਰਡ ਰੀਵਜ਼ ਨਾਲੋਂ ਲਗਪਗ 200 ਤੋਂ ਵੱਧ ਵੋਟਾਂ ਹਾਸਲ ਕਰਕੇ ਜਿੱਤ ਦਰਜ ਕੀਤੀ ਹੈ। ਇਹ ਪਹਿਲਾ ਮੌਕਾ ਹੈ ਜਦੋਂ ਟੋਰੀਜ਼ ਨੇ ਫੋਰਟ ਵਾਈਟ ਵਿਚ 50 ਫ਼ੀਸਦੀ ਤੋਂ ਘੱਟ ਵੋਟਾਂ ਨਾਲ ਜਿੱਤ ਹਾਸਲ ਕੀਤੀ ਹੈ ਫਿਰ ਵੀ ਖਾਨ ਦਾ ਕਹਿਣਾ ਕਿ ਜਿੱਤ ਤਾਂ ਜਿੱਤ ਹੀ ਹੁੰਦੀ ਹੈ ਪਰ ਉਸ ਨੂੰ ਇਹ ਸਖਤ ਸੁਨੇਹਾ ਮਿਲਿਆ ਹੈ ਕਿ ਲੋਕ ਮਹਾਂਮਾਰੀ ਤੋਂ ਬਾਹਰ ਆਉਣਾ ਤੇ ਹੈਲਥ ਕੇਅਰ ਦੇ ਬੈਕਲਾਗ ਨੂੰ ਘਟਾਉਣਾ ਚਾਹੁੰਦੇ ਹਨ। ਮਹਾਂਮਾਰੀ ਦੇ ਸ਼ੁਰੂ ਦੇ ਮਹੀਨਿਆਂ ਤੋਂ ਸਰਕਾਰ ਦੇ ਪੱਖ ਵਿਚ ਲੋਕ ਰਾਏ ਘਟੀ ਹੈ ਅਤੇ ਮਨੀਟੋਬਾ ਵਿਚ ਪ੍ਰਤੀ ਵਿਅਕਤੀ ਮੌਤ ਦਰ ਕੈਨੇਡਾ ਵਿਚ ਦੂਸਰੀ ਸਭ ਤੋਂ ਜ਼ਿਆਦਾ ਰਹੀ ਹੈ। ਐਨਡੀਪੀ ਦੇ ਟਰੂਡੇ ਸ਼ਰੋਡਰ ਚੋਣ ਨਤੀਜਿਆਂ ਵਿਚ ਤੀਸਰੇ ਸਥਾਨ 'ਤੇ ਰਹੇ।

# ਚਟਾਨ ਡਿਗਣ ਨਾਲ ਔਰਤ ਦੀ ਮੌਤ

ਕੈਲਗਰੀ-ਇਸ ਮਹੀਨੇ ਦੇ ਸ਼ੁਰੂ ਵਿਚ ਬੀਸੀ ਵਿਚ ਟਰਾਂਸ-ਕੈਨੇਡਾ ਹਾਈਵੇਅ ਦੇ ਚਟਾਨਾਂ ਵਾਲੇ ਪਹਾੜਾਂ ਵਿਚ ਜੀਪ 'ਤੇ ਭਾਰੀ ਪੱਥਰ ਡਿਗਣ ਨਾਲ ਕੈਲਗਰੀ ਵਾਸੀ 38 ਸਾਲਾ ਲੌਰਾ ਟੇਨੈਂਟ ਨਾਂਅ ਦੀ ਔਰਤ ਦੀ ਮੌਤ ਹੋ ਗਈ। ਇਕ ਟੋਅ ਟਰੱਕ ਡਰਾਈਵਰ ਜਿਸ ਨੇ ਜੀਪ ਤੋਂ ਪੱਥਰ ਨੂੰ ਹਟਾਇਆ ਨੇ ਦੱਸਿਆ ਕਿ ਇਹ ਲਗਪਗ 113 ਕਿਲੋ ਭਾਰਾ ਸੀ। ਬੀਸੀ ਟਰਾਂਸਪੋਰਟੇਸ਼ਨ ਅਤੇ ਇਨਫਰਾਸਟਰੱਕਚਰ ਨੇ ਲੌਰਾ ਟੈਨੈਂਟ ਦੇ ਪਰਿਵਾਰ ਤੇ ਦੋਸਤਾਂ ਨਾਲ ਦੁਖਦਾਈ ਘਟਨਾ 'ਤੇ ਦੁੱਖ ਜ਼ਾਹਿਰ ਕੀਤਾ ਹੈ ਜਿਹੜੀਆਂ ਸਾਲ ਦੇ ਇਸ ਸਮੇਂ ਵਿਚ ਫਰੀਜ਼ ਸਥਿਤੀਆਂ ਵਿਚ ਅਕਸਰ ਵਾਪਰਦੀਆਂ ਹਨ।



ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

LAW CORPORATION

HUGHES & COMPANY LAW CORPORATION
www.hughesco.com

EXPERIENCE • INTEGRITY • RESULTS

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



CEDRIC HUGHES
LAWYER
Over 20 years serving the community




★★★★★
4.9 STAR
Google
REVIEW !

Link!
hughesco.com
*for reviews*

## 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND*** *Service provided at Business Centres throughout the Fraser Valley and British Columbia.*

***Remote Location? No Problem. We will come to you !***

TRANSource
FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ





# ਵਧੇਰੇ ਜਾਣਕਾਰੀ ਲਈ ਸੰਪਰਕ ਕਰੋ


**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcefreightways.com






# ਲਾਹੌਰ ਵਿਖੇ ਮਿੰਟੂ ਬਰਾੜ ਦੀ ਕਿਤਾਬ 'ਕੈਂਗਰੂਨਾਮਾ' ਦੋ ਵੱਡੇ ਸਮਾਗਮਾਂ ਵਿਚ 'ਸ਼ਾਹਮੁਖੀ' ਵਿਚ ਲੋਕ ਅਰਪਿਤ






ਸਰੀ-ਵਿਸ਼ਵ ਪੰਜਾਬੀ ਅਮਨ ਕਾਨਫ਼ਰੰਸ ਵਿੱਚ ਸ਼ਾਮਲ ਡੈਲੀਗੇਟਸ ਗੁਰਭਜਨ ਗਿੱਲ, ਗੁਰਭੇਜ ਸਿੰਘ ਗੁਰਾਇਆ, ਸਹਿਜਪ੍ਰੀਤ ਸਿੰਘ ਮਾਂਗਟ, ਸੁਸ਼ੀਲ ਦੁਸਾਂਝ, ਹਰਵਿੰਦਰ ਚੰਡੀਗੜ੍ਹ, ਆਸਿਫ਼ ਰਜ਼ਾ, ਖ਼ਾਲਿਦ ਹੁਸੈਨ, ਸਤੀਸ਼ ਗੁਲ੍ਹਾਟੀ, ਅਮਨ ਫੱਲ੍ਹੜ ਤੇ ਅਜ਼ੀਮ ਸ਼ੇਖਰ ਦੀ ਹਾਜ਼ਰੀ ਵਿੱਚ ਪਾਕਿਸਤਾਨ ਦੇ ਦੋ ਪ੍ਰਮੁੱਖ ਸ਼ਾਇਰਾਂ ਬਾਬਾ ਨਜ਼ਮ ਅਤੇ ਅਫ਼ਜ਼ਲ ਸਾਹਿਬ ਨੇ ਆਸਟ੍ਰੇਲੀਆ ਵੱਸਦੇ ਪੰਜਾਬੀ, ਜਾਣੇ ਪਛਾਣੇ ਸਮਾਜ ਸੇਵੀ, ਲਿਖਾਰੀ, ਪੱਤਰਕਾਰ ਅਤੇ ਪੇਸ਼ਕਾਰ ਮਿੰਟੂ ਬਰਾੜ ਦੀ ਕਿਤਾਬ ਨੂੰ ਲਾਹੌਰ ਵਿਖੇ ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਬਾਬਾ ਨਜ਼ਮ ਨੇ ਕਿਹਾ ਕਿ ਮਿੰਟੂ ਨੇ ਜਿੱਥੇ ਦੇਸ਼ੋਂ ਬਾਹਰ ਇੱਜ਼ਤ ਕਮਾਈ ਹੈ ਓਥੇ ਹੁਣ ਉਹ ਲਹਿੰਦੇ ਪੰਜਾਬ ਵਿਚ ਆਪਣੀ ਕਿਤਾਬ ਦੇ ਉਲੱਥੇ ਤੋਂ ਬਾਅਦ ਨਵਾਂ ਨਾਮ ਨਹੀਂ ਰਹਿ ਗਿਆ। ਉਹਨਾਂ ਕਿਹਾ ਕਿ ਮਿੰਟੂ ਆਪਣੀ ਹਰ ਲਿਖਤ ਵਿਚ ਪੰਜਾਬ ਤੇ ਪੰਜਾਬੀਆਂ ਦਾ ਵਕੀਲ ਬਣ ਗਲ ਕਰਦਾ ਹੈ। ਉਸ ਨੂੰ ਪੰਜਾਬ 'ਚ ਹੋ ਰਹੀਆਂ ਧੱਕੇਸ਼ਾਹੀਆਂ ਅਤੇ ਨਵੀਂ ਨਸਲ ਦੀ ਚਿੰਤਾ ਰਹਿੰਦੀ ਹੈ। ਇਹ ਸਭ ਕੁਝ ਉਸ ਦੇ ਆਪਣੇ ਪੰਜਾਬ ਤੇ ਪੰਜਾਬੀਅਤ ਨਾਲ ਪਿਆਰ ਦਾ ਵਿਖਾਲਾ ਹੈ। ਉਹਨਾਂ ਕਿਹਾ ਕਿ ਇਹੋ ਜਿਹੀਆਂ ਕਿਤਾਬਾਂ ਦਾ ਸ਼ਾਹਮੁਖੀ ਵਿਚ ਛਪਣਾ ਇਕ ਵਧੀਆ ਉਪਰਾਲਾ ਹੈ। ਪਾਕਿਸਤਾਨੀ ਸ਼ਾਇਰ ਤੇ ਚਿੱਤਰਕਾਰ ਆਸਿਫ਼ ਰਜ਼ਾ ਨੇ ਕਿਹਾ ਕਿ ਮਿੰਟੂ ਦੀ ਕਿਤਾਬ ਦਾ ਉਲੱਥਾ ਕਰਦਿਆਂ ਹੋਇਆਂ ਮੈਨੂੰ ਥਾਂ ਥਾਂ ਤੇ ਉਸ ਦੀ ਬਰੀਕ ਅਤੇ ਦੂਰ ਅੰਦੇਸ਼ੀ ਸੋਚ ਤੇ ਹੈਰਤ ਹੁੰਦੀ ਰਹੀ ਹੈ। ਉਸ ਦੀ ਕਿਤਾਬ ਨਿਰੇ ਆਰਟੀਕਲ ਨਹੀਂ ਨੇ ਸਗੋਂ ਉਸ ਦਾ ਪੰਜਾਬ ਪ੍ਰਤੀ ਮੋਹ ਹੈ। ਉਸ ਦਾ ਰੋਣਾ ਆਪਣੇ ਦੇਸ ਤੇ ਦੇਸ਼ੋਂ ਬਾਹਰ ਵੱਸਦੇ ਕੁੱਲ ਪੰਜਾਬੀ ਦਾ ਬਿਆਨਿਆਂ ਹੈ। ਰਜ਼ਾ ਹੋਰਾਂ ਕਿਹਾ ਕਿ ਹੁਣ ਪੰਜਾਬੀ ਬੋਲੀ ਲਿਪੀਆਂ ਤੋਂ ਉਪਰ ਜਾ ਬੈਠੀ ਹੈ। ਹੁਣ ਦੋਹਾਂ ਪੰਜਾਬਾਂ ਦੇ ਲਿਖਣ ਵਾਲੇ ਦੋਹਾਂ ਪੰਜਾਬਾਂ ਵਿਚ ਹੀ ਇੱਕੋ ਜਿਹਾ ਮਾਣ ਹਾਸਲ ਕਰ ਰਹੇ ਨੇ। ਯਾਦ ਰਹੇ ਕਿ ਇਹ ਕਿਤਾਬ ਬਾਬਾ ਫ਼ਰੀਦ ਬੁੱਕ ਫਾਊਂਡੇਸ਼ਨ ਲਾਹੌਰ ਵੱਲੋਂ ਸ਼ਾਹਮੁਖੀ ਵਿੱਚ ਲਿਪੀਅੰਤਰ ਕਰਕੇ ਪ੍ਰਕਾਸ਼ਿਤ ਕੀਤੀ ਹੈ ਅਤੇ ਗੁਰੂ ਬਾਬਾ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ ਦੇ ਵਾਈਸ ਚਾਂਸਲਰ ਤੋਂ ਇਲਾਵਾ ਮੁਦੱਸਰ ਇਕਬਾਲ ਬੱਟ, ਇਲਿਆਸ ਘੁੰਮਣ, ਗੁਰਭਜਨ ਗਿੱਲ ਤੇ ਸਹਿਜਪ੍ਰੀਤ ਸਿੰਘ ਮਾਂਗਟ ਵੱਲੋਂ ਵੀ ਇਕ ਵੱਖਰੇ ਸਮਾਗਮ ਵਿਚ ਲੋਕ ਅਰਪਿਤ ਕੀਤੀ ਗਈ ਹੈ। ਪਾਕਿਸਤਾਨ ਪੰਜਾਬੀ ਲੋਕ ਵਿਰਾਸਤ ਅਕੈਡਮੀ ਦੇ ਚੇਅਰਮੈਨ ਗੁਰਭਜਨ ਗਿੱਲ ਨੇ ਕਿਹਾ ਕਿ ਕਿਤਾਬਾਂ ਦਾ ਇਜ ਦਾ ਦਾਨ ਪ੍ਰਦਾਨ ਬਹੁਤ ਚੰਗੀ ਗੱਲ ਹੈ। ਸਭ ਲੇਖਕ ਦੋਸਤਾਂ ਨੇ 'ਕੈਂਗਰੂਨਾਮਾ' ਦੇ ਲੋਕ ਅਰਪਣ ਦੀਆਂ ਮਿੰਟੂ ਬਰਾੜ ਤੇ ਉਲੱਥਾਕਾਰ ਮੁਹੰਮਦ ਆਸਿਫ਼ ਰਜ਼ਾ ਨੂੰ ਮੁਬਾਰਕਾਂ ਦਿੱਤੀਆਂ।




## Services for newcomers

Get help settling and finding a job in Canada.
Friendly professionals can help you make Canada your home.
Services related to work, language training, health, housing and more are available.

**Visit Canada.ca/newcomer-services.**

Immigration, Refugees and Citizenship Canada | Immigration, Réfugiés et Citoyenneté Canada

Canada

## ਬੱਚਿਆਂ ਕੋਲ ਨਸਲੀ ਟਿਪਣੀ ਪੜ੍ਹਨ ਬਦਲੇ ਮਾਪਿਆਂ ਵਲੋਂ ਅਧਿਆਪਕ ਦੀ ਨਿਖੇਧੀ

ਸਰੀ-ਵੈਸਟ ਸ਼ੋਰ ਬੀਸੀ ਦੀ ਇਕ ਮਾਂ ਦਾ ਕਹਿਣਾ ਕਿ ਉਹ ਇਹ ਸੁਣ ਕੇ ਹੈਰਾਨ ਰਹਿ ਗਈ ਕਿ ਬਲੈਕ ਹਿਸਟਰੀ ਮਹੀਨੇ ਦੌਰਾਨ ਉਸ ਦੀ ਧੀ ਦੇ ਸਕੂਲ ਵਿਚ ਇਕ ਅਧਿਆਪਕ ਨੇ ਕਲਾਸ ਵਿਚ ਨਸਲੀ ਗਾਲ ਪੜ੍ਹੀ ਹੈ। ਡੋਮੀਨਿਕ ਜੈਕਬ ਦਾ ਕਹਿਣਾ ਕਿ ਆਪਣੀ ਕਲਾਸ ਵਿਚ ਵੱਡੀ ਹੋਣ ਵਾਲੀ ਉਹ ਕਾਲੀ ਇਕਲੌਤੀ ਬੱਚੀ ਸੀ ਅਤੇ ਇਸੇ ਕਾਰਨ ਉਸ ਨੂੰ ਬਾਹਰ ਕੱਢਿਆ ਤੇ ਧੱਕੇ ਸ਼ਾਹੀ ਕੀਤੀ ਗਈ ਸੀ। ਹੁਣ ਉਸ ਨੂੰ ਚਿੰਤਾ ਹੈ ਕਿ ਉਸ ਦੀ ਧੀ ਵੀ ਉਸੇ ਗੱਲ ਵਿਚੋਂ ਲੰਘੇਗੀ। ਮੇਰੀ ਧੀ ਲਈ ਮੇਰਾ ਖਦਸ਼ਾ ਨਸਲੀ ਧੱਕੇਸ਼ਾਹੀ ਹੈ ਅਤੇ ਉਸ ਦੇ ਨਾਲ ਹੋਣ ਵਾਲੀਆਂ ਤਕਲੀਫਾਂ ਹਨ। ਸੂਕੇ ਸਕੂਲ ਡਿਸਟ੍ਰਿਕਟ ਦਾ ਕਹਿਣਾ ਕਿ ਘਟਨਾ ਕੋਲਵੁੱਡ ਬੀਸੀ ਵਿਚ ਡੁਨਸਮੁਇਰ ਮਿਲ ਸਕੂਲ ਵਿਚ ਵਾਪਰੀ ਹੈ ਅਤੇ ਮਾਪੇ ਅਧਿਆਪਕ ਦਾ ਬਚਾਅ ਤੇ ਆਲੋਚਨਾ ਕਰਨ ਲਈ ਸਾਹਮਣੇ ਆਏ ਹਨ।






ਬੀ.ਸੀ. ਵਿੱਚ ਕੋਵਿਡ-19

## 5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਲਈ ਹੁਣ ਕੋਵਿਡ-19 ਪਿਡਿਐਟ੍ਰਿਕ ਵੈਕਸੀਨ ਉਪਲਬਧ ਹਨ।

ਪਿਡਿਐਟ੍ਰਿਕ ਵੈਕਸੀਨ ਬੱਚਿਆਂ ਦੀ ਸੁਰੱਖਿਆ, ਦੂਜਿਆਂ ਨੂੰ ਸੁਰੱਖਿਅਤ ਰੱਖਣ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਨ ਅਗਲਾ ਕਦਮ ਹੈ। ਕੈਨੇਡਾ ਦੇ ਪਿਡਿਐਟ੍ਰਿਕ ਵੈਕਸੀਨ ਸੁਰੱਖਿਅਤ ਅਤੇ ਅਸਰਦਾਰ ਹਨ ਅਤੇ ਇਹ ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ ਹਨ।

» ਆਸਾਨ ਰਜਿਸਟਰੇਸ਼ਨ
» ਬੱਚਿਆਂ ਦੇ ਅਨੁਕੂਲ ਵੈਕਸੀਨ ਕਲੀਨਿਕ
» ਸਕੂਲ ਤੋਂ ਬਾਅਦ ਅਤੇ ਸ਼ਾਮ ਨੂੰ ਵੈਕਸੀਨ ਕਲੀਨਿਕ ਦੇ ਵਧਾਏ ਗਏ ਘੰਟੇ



ਹੋਰ ਜਾਣੋ:
gov.bc.ca/vaccineforkids

BRITISH COLUMBIA




# ਵਿਧਾਨ ਸਭਾ ਵਿਚ ਨਮੋਸ਼ੀਜਨਕ ਹਾਰ ਉਪਰੰਤ ਅਕਾਲੀ ਦਲ ਵੱਲੋਂ ਜਥੇਬੰਦਕ ਢਾਂਚੇ ਤੇ ਹੋਰ ਪੱਖਾਂ ਤੇ ਪੜਚੋਲ ਲਈ 16 ਮੈਂਬਰੀ ਕਮੇਟੀ ਗਠਿਤ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦੀਆਂ ਹਾਲ ਹੀ 'ਚ ਹੋਈਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਨਮੋਸ਼ੀ ਭਰੀ ਹਾਰ ਦੇ ਕਾਰਨਾਂ ਬਾਰੇ ਚਰਚਾ ਕਰਨ ਤੋਂ ਬਾਅਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੀਨੀਅਰ ਆਗੂਆਂ 'ਤੇ ਆਧਾਰਿਤ 16 ਮੈਂਬਰੀ ਇਕ ਕਮੇਟੀ ਦਾ ਗਠਨ ਕੀਤਾ ਹੈ। ਪਾਰਟੀ ਦੇ ਬੁਲਾਰੇ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੇ ਮੱਦੇਨਜ਼ਰ ਪਾਰਟੀ ਦੀ ਕਾਰਜਸ਼ੈਲੀ, ਜਥੇਬੰਦਕ ਢਾਂਚਾ, ਪਾਰਟੀ ਨੂੰ ਸਿਧਾਂਤਕ ਲੀਹਾਂ 'ਤੇ ਲਿਆਉਣ, ਪਾਰਟੀ ਦੀਆਂ ਨੀਤੀਆਂ ਵਿੱਚ ਵੱਡੀਆਂ ਤਬਦੀਲੀਆਂ ਕਰਨ ਅਤੇ ਪਿੰਡ ਪੱਧਰ ਤੱਕ ਪਾਰਟੀ ਵਿੱਚ ਨਵੀਂ ਰੂਹ ਫੂਕਣ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ। ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੇ ਖਾਤੇ ਮਹਿਜ਼ ਤਿੰਨ ਵਿਧਾਨ ਸਭਾ ਹਲਕੇ ਆਏ ਹਨ ਤੇ ਪਾਰਟੀ ਦੇ ਵੱਡੀ ਗਿਣਤੀ ਉਮੀਦਵਾਰਾਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ ਹਨ। ਇੱਥੋਂ ਤੱਕ ਕਿ ਬਾਦਲ ਪਰਿਵਾਰ ਦੇ ਸਾਰੇ ਮੈਂਬਰ ਵੀ ਚੋਣ ਹਾਰ ਗਏ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਇਹ ਕਮੇਟੀ ਹਰ ਪੱਧਰ 'ਤੇ ਤਾਲਮੇਲ ਕਰ ਕੇ ਵਿਸਥਾਰਤ ਰਿਪੋਰਟ ਪਾਰਟੀ ਦੀ ਕੋਰ ਕਮੇਟੀ ਨੂੰ ਸੌਂਪੇਗੀ, ਕਮੇਟੀ ਦੇ ਸੁਝਾਵਾਂ ਦੇ ਆਧਾਰ 'ਤੇ ਜਥੇਬੰਦਕ ਢਾਂਚੇ ਵਿੱਚ ਵੱਡੇ ਫੈਸਲੇ ਲੈਣ ਦੀ ਗੱਲ ਕਹੀ ਗਈ ਹੈ। ਸੁਖਬੀਰ ਸਿੰਘ ਬਾਦਲ ਵੱਲੋਂ ਗਠਿਤ ਕਮੇਟੀ ਵਿੱਚ ਬਲਵਿੰਦਰ ਸਿੰਘ ਭੂੰਦੜ, ਚਰਨਜੀਤ ਸਿੰਘ ਅਟਵਾਲ, ਬੀਬੀ ਜਗੀਰ ਕੌਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਹੀਰਾ ਸਿੰਘ ਗਾਬੜੀਆ, ਗੁਲਜ਼ਾਰ ਸਿੰਘ ਰਣੀਕੇ, ਸ਼ਰਨਜੀਤ ਸਿੰਘ ਢਿੱਲੋਂ, ਜਨਮੇਜਾ ਸਿੰਘ ਸੇਖੋਂ, ਸੁਰਜੀਤ ਸਿੰਘ ਰੱਖੜਾ, ਮਨਪ੍ਰੀਤ ਸਿੰਘ ਇਯਾਲੀ, ਡਾ. ਸੁਖਵਿੰਦਰ ਸੁੱਖੀ, ਪਰਮਬੰਸ ਸਿੰਘ ਬੰਟੀ ਰੋਮਾਣਾ ਅਤੇ ਗੌਬਿਨ ਬਰਾੜ ਦੇ ਨਾਮ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਸਾਲ 2017 ਦੀਆਂ ਚੋਣਾਂ ਵਿੱਚ ਅਕਾਲੀ ਦਲ ਨੂੰ ਸਿਰਫ 15 ਸੀਟਾਂ ਮਿਲੀਆਂ ਜਿਸ ਕਾਰਨ ਪਾਰਟੀ ਵਿਰੋਧੀ ਧਿਰ ਦਾ ਰੁਤਬਾ ਵੀ ਹਾਸਲ ਨਹੀਂ ਕਰ ਸਕੀ। ਪਾਰਟੀ ਨੂੰ ਵੱਡੇ ਆਧਾਰ ਵਾਲੇ ਮਾਲਵਾ ਖਿੱਤੇ ਵਿਚ 69 ਵਿੱਚੋਂ ਇੱਕ ਹੀ ਸੀਟ ਹਾਸਲ ਹੋਈ। ਇਸੇ ਤਰ੍ਹਾਂ ਦੁਆਬਾ ਅਤੇ ਮਾਝਾ ਖੇਤਰ ਵਿੱਚੋਂ ਵੀ ਇੱਕੋ-ਇੱਕ ਸੀਟ ਮਿਲੀ। ਵਿਧਾਨ ਸਭਾ ਚੋਣਾਂ 'ਚ ਹੋਈ ਕਰਾਰੀ ਹਾਰ ਤੋਂ ਬਾਅਦ ਕੋਰ ਕਮੇਟੀ ਦੀ ਪਹਿਲੀ ਮੀਟਿੰਗ ਦੌਰਾਨ ਅਕਾਲੀ ਆਗੂਆਂ ਨੇ ਕਿਹਾ ਸੀ ਕਿ ਜੇ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੇ ਬੁਰੀ ਤਰ੍ਹਾਂ ਹਾਰ ਜਾਣ ਤੋਂ ਬਾਅਦ ਜੇਕਰ ਸਬਕ ਸਿੱਖਿਆ ਹੁੰਦਾ ਤਾਂ ਅੱਜ ਇਹ ਭਿਆਨਕ ਸਿਆਸੀ ਤਰਾਸਦੀ ਨਾ ਦੇਖਣੀ ਪੈਂਦੀ। ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਖੇਤੀ ਕਾਨੂੰਨਾਂ ਸਬੰਧੀ ਵੀ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਪਹਿਲਾਂ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਖੜ੍ਹਨ ਅਤੇ ਲੋਕ ਰੋਹ ਜਾਗਣ ਤੋਂ ਬਾਅਦ ਵਿਰੋਧ 'ਚ ਖੜ੍ਹਨ ਨੇ ਵੀ ਅਕਾਲੀ ਦਲ ਦਾ ਨੁਕਸਾਨ ਕੀਤਾ ਹੈ।


ਵਧੀਆ ਸੇਵਾਵਾਂ ਦੇ ਨਾਲ ਆਪਣੇ ਘਰ ਨੂੰ ਸੁਰੱਖਿਅਤ ਰੱਖੋ

COMPLETE PEST CONTROL

ਅਸੀਂ ਹੇਠ ਲਿਖੀਆਂ ਸੇਵਾਵਾਂ ਵਿੱਚ ਮਾਹਿਰ ਹਾਂ:

• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ



ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

29 ਮਾਰਚ ਸ਼ਹੀਦੀ ਦਿਨ 'ਤੇ ਵਿਸ਼ੇਸ਼

# ਕੈਨੇਡਾ ਦੇ ਗ਼ਦਰੀ ਯੋਧੇ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦੀ ਸ਼ਹਾਦਤ



ਡਾ. ਗੁਰਵਿੰਦਰ ਸਿੰਘ

29 ਮਾਰਚ 1917 ਨੂੰ ਜਦੋਂ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ ਸੀ, ਉਸ ਤੋਂ ਇੱਕ ਰਾਤ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ ਲਾਹੌਰ ਜੇਲ੍ਹ ਵਿੱਚ 'ਆਖਰੀ ਮੁਲਾਕਾਤ' ਲਈ ਪਹੁੰਚੀ, ਤਦ ਉਸ ਨੂੰ ਦੱਸਿਆ ਗਿਆ ਕਿ ਕੱਲ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਉਸ ਮੌਕੇ 'ਤੇ ਜੇਲਰ ਨੇ ਬੀਬੀ ਕਰਤਾਰ ਕੌਰ ਨੂੰ ਭਾਈ ਸਾਹਿਬ ਜੀ ਦੇ ਨਿੱਜੀ ਸਾਮਾਨ ਵਿੱਚ ਜੋ ਕੁਝ ਸੌਂਪਿਆ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਸਾਹਿਬ। ਭਾਈ ਸਾਹਿਬ ਦੇ ਜੀਵਨ ਦਾ ਹਰ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਜਬਰ- ਜ਼ੁਲਮ ਤਸ਼ੱਦਦ, ਗੁਲਾਮੀ ਅਤੇ ਅਣ-ਮਨੁੱਖੀ ਵਰਤਾਰੇ ਖ਼ਿਲਾਫ਼ ਲੜ- ਮਰਨ ਦਾ ਸੀ। ਜਦੋਂ ਆਪ ਜੀ ਨੂੰ ਬੈਂਕਾਕ ਵਿੱਚ ਪਹਿਲੀ ਅਗਸਤ ਸੰਨ 1915 ਨੂੰ ਗ੍ਰਿਫ਼ਤਾਰ ਕੀਤਾ ਗਿਆ, ਉਸ ਵੇਲੇ ਵੀ ਆਪ ਜੀ ਕੋਲੋਂ ਜੋ ਜੇਬ ਡਾਇਰੀ ਮਿਲੀ, ਉਸ ਦੇ ਬਾਹਰ ਜ਼ਫ਼ਰਨਾਮਾ ਵਿੱਚੋਂ ਇਹ ਸ਼ਬਦ ਅੰਕਿਤ ਸਨ

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥"

ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ ਦੂਰ -ਅੰਦੇਸ਼ ਆਗੂ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਜਦ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ 18 ਸਤੰਬਰ 1913 ਨੂੰ, ਸ਼ਿਮਲੇ 'ਚ ਇੱਕ ਮੀਟਿੰਗ ਦੌਰਾਨ, ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਮੂੰਹ 'ਤੇ ਕੀਤੀ ਸੀ, ਤਾਂ ਉਸ ਨੂੰ ਜਿਵੇਂ ਦੰਦਲ ਹੀ ਪੈ ਗਈ ਸੀ। ਇਸੇ ਹੀ ਕਾਰਨ ਉਸ ਨੇ ਆਪਣੀ ਕਿਤਾਬ 'ਇੰਡੀਆ ਐਜ਼ ਆਈ ਨਿਊ' ਦੇ ਪੰਨਾ 191'ਤੇ ਲਿਖਿਆ ਕਿ ਮੁਲਾਕਾਤੀਆਂ ਵਿੱਚੋਂ 'ਤੀਸਰੇ ਬੰਦੇ' (ਭਾਈ ਬਲਵੰਤ ਸਿੰਘ ਖੁਰਦਪੁਰ) ਦੇ ਤਰੀਕੇ 'ਖ਼ਤਰਨਾਕ' ਬਾਗ਼ੀ ਵਰਗੇ ਸਨ ਤੇ ਉਸ ਵਾਇਸਰਾਏ ਨੂੰ ਮਿਲਣ ਜਾ ਰਹੇ ਸੀ, ਜਿਸ ਤੋਂ ਖਾਸ ਤੌਰ 'ਤੇ 'ਇਸ ਮੈਂਬਰ' ਪ੍ਰਤੀ ਸਾਵਧਾਨੀ ਵਰਤਣ ਲਈ ਕਿਹਾ ਗਿਆ। 5 ਅਕਤੂਬਰ 1913 ਨੂੰ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਭਾਈ ਬਲਵੰਤ ਸਿੰਘ ਦੀ ਅਗਵਾਈ ਵਿੱਚ ਕੈਨੇਡਾ ਤੋਂ ਆਏ ਵਫ਼ਦ ਨੇ ਮੁਲਾਕਾਤ ਕੀਤੀ ਅਤੇ ਇਮੀਗ੍ਰੇਸ਼ਨ ਦੀਆਂ ਕਾਲੀਆਂ ਨੀਤੀਆਂ, ਨਸਲੀ ਵਿਤਕਰੇ, ਧੱਕੇਸ਼ਾਹੀਆਂ ਅਤੇ ਜਬਰ- ਜ਼ੁਲਮ ਬਾਰੇ ਨਿਡਰਤਾ ਨਾਲ ਵਿਚਾਰ ਰੱਖੇ।

ਅੰਗਰੇਜ਼ਾਂ ਦੇ ਗੁਲਾਮ ਭਾਰਤ ਦੇ ਮੁਖੀ ਅੱਗੇ ਛਾਤੀ ਤਾਣ ਕੇ ਗੱਲਬਾਤ ਕਰਨ ਵਾਲਾ ਸ਼ਖਸ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਸੈਕਿੰਡ ਐਵੇਨਿਊ, ਵੈਨਕੂਵਰ ਦਾ ਪਹਿਲਾ ਗ੍ਰੰਥੀ ਸਿੰਘ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਗ੍ਰੰਥੀ ਸਿੰਘ ਦੇ ਰੁਤਬੇ 'ਤੇ ਸੁਸ਼ੋਭਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਦੀ ਕੁਰਬਾਨੀਆਂ ਭਰੀ ਸ਼ਾਹਦਤ ਦਾ ਕਿੰਨਾ ਮਹਾਨ ਇਤਿਹਾਸ ਹੈ। ਅੱਜ ਲੋੜ ਹੈ ਕਿ ਧਾਰਮਿਕ ਅਸਥਾਨਾਂ ਉੱਪਰ ਕਾਬਜ਼ ਪ੍ਰਬੰਧਕ ਅਤੇ ਪ੍ਰਚਾਰਕ ਸ਼੍ਰੇਣੀ, 'ਅੱਜ ਦੇ ਓਡਵਾਇਰਾਂ' ਖ਼ਿਲਾਫ਼ ਏਨੀ ਬਹਾਦਰੀ ਨਾਲ ਬੋਲਣ ਦੀ ਹਿੰਮਤ ਰੱਖੇ, ਨਾ ਕਿ ਅਰੂੜ ਸਿੰਘ ਵਰਗਿਆਂ ਵਾਂਗ ਗੋਡੇ ਟੇਕੇ। ਸ਼ਹੀਦ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਮੌਜੂਦਾ ਸਮੇਂ ਅਤੇ ਸਥਿਤੀ ਵਿੱਚ ਵੀ ਓਨੀ ਹੀ ਪ੍ਰਸੰਗਿਕ ਹੈ, ਜਿੰਨੀ ਇੱਕ ਸਦੀ ਪਹਿਲਾਂ ਸੀ।


ਪੰਜਾਬ ਦੇ ਪਿੰਡ ਖੁਰਦਪੁਰ ਜ਼ਿਲ੍ਹਾ ਜਲੰਧਰ ਵਿਖੇ ਭਾਈ ਸਾਹਿਬ ਦਾ ਜਨਮ 15 ਸਤੰਬਰ 1882 ਨੂੰ ਹੋਇਆ। ਆਪ ਨੇ ਆਦਮਪੁਰ ਤੋਂ ਅੱਠਵੀਂ ਤੱਕ ਪੜ੍ਹਾਈ ਕਰਨ ਮਗਰੋਂ ਕੁਝ ਸਮਾਂ ਫ਼ੌਜ ਵਿੱਚ ਨੌਕਰੀ ਵੀ ਕੀਤੀ, ਪਰ ਸੰਤ ਕਰਮ ਸਿੰਘ ਜੀ ਦੀ ਸੰਗਤ ਮਗਰੋਂ ਧਾਰਮਿਕ ਪ੍ਰਭਾਵ ਕਾਰਨ ਇਹ ਨੌਕਰੀ ਛੱਡ ਦਿੱਤੀ ਤੇ ਕੁਝ ਸਮੇਂ ਮਗਰੋਂ 1906 ਵਿੱਚ ਕੈਨੇਡਾ ਆ ਗਏ। ਇੱਥੇ ਹੀ 28 ਜੂਨ 1908 ਵਿੱਚ ਖਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਜੀ ਨਾਲ, ਇਕੱਠਿਆਂ ਅੰਮ੍ਰਿਤਪਾਨ ਕੀਤਾ।


ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨਦਿਆਂ ਭਾਈ ਸਾਹਿਬ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ 'ਚ ਨਾ ਸਿਰਫ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਨਾਕਾਮ ਕੀਤਾ। ਅੱਜ ਜੇਕਰ ਭਾਰਤੀ ਇਮੀਗ੍ਰੈਂਟ ਕੈਨੇਡਾ ਵਿੱਚ ਵਸੇ ਹੋਏ ਹਨ, ਤਾਂ ਇਹ ਭਾਈ ਬਲਵੰਤ ਸਿੰਘ ਜੀ ਦੀ ਦੇਣ ਹੈ। ਦੂਸਰਾ, ਕੈਨੇਡਾ ਵਿੱਚ ਇੰਡੀਅਨ ਲੋਕਾਂ ਦੇ ਪਰਿਵਾਰਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਜਦਕਿ ਹੋਰ ਮੁਲਕਾਂ ਤੋਂ ਲੋਕ ਪਰਿਵਾਰਾਂ ਸਮੇਤ ਆ ਵਸੇ ਸਨ। ਇਸ ਖ਼ਿਲਾਫ਼ ਵੀ ਸੰਘਰਸ਼ ਦਾ ਮੁੱਢ ਵੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੇ ਬੰਨ੍ਹਿਆ ਅਤੇ 21 ਜਨਵਰੀ 1912 ਨੂੰ ਅਨੇਕਾਂ ਕਸ਼ਟ ਝੱਲ ਕੇ ਆਪਣੇ ਪਰਿਵਾਰਾਂ ਨੂੰ ਲੈ ਕੇ ਵੈਨਕੂਵਰ ਪੁੱਜੇ, ਹਾਲਾਂਕਿ ਭਾਈ ਸਾਹਿਬ ਦੀ ਪਤਨੀ ਬੀਬੀ ਕਰਤਾਰ ਕੌਰ ਅਤੇ ਦੋ ਪੁੱਤਰੀਆਂ ਚਾਰ ਸਾਲਾ ਊਧਮ ਕੌਰ ਦੇ ਇੱਕ ਸਾਲਾ ਨਿਰੰਜਣ ਕੌਰ ਨੂੰ ਕੈਨੇਡਾ ਦੀ ਧਰਤੀ



ਤੇ ਉਤਰਨ ਨਾ ਦਿੱਤਾ ਗਿਆ ਅਤੇ ਇੱਥੋਂ ਵਾਪਸ ਮੋੜਨ ਦੇ ਹੁਕਮ ਦਿੱਤੇ, ਪਰ ਵੈਨਕੂਵਰ ਦੇ ਸਿੱਖਾਂ ਦੇ ਤਿੱਖੇ ਸੰਘਰਸ਼ ਅਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦੀ ਸੂਝਬੂਝ ਸਦਕਾ, ਇਮੀਗਰੇਸ਼ਨ ਵਿਭਾਗ ਨੂੰ ਗੋਡੇ ਟੇਕਣੇ ਪਏ ਅਤੇ ਪਰਿਵਾਰਾਂ ਨੂੰ 3 ਜੂਨ 1912 ਨੂੰ ਕੈਨੇਡੀਅਨ ਸਰਕਾਰ ਵੱਲੋਂ ਆਖਰਕਾਰ, ਕੈਨੇਡਾ ਵਿੱਚ ਦਾਖਲ ਹੋਣ ਦਿੱਤਾ ਗਿਆ। ਭਾਈ ਸਾਹਿਬ ਦੇ ਪਰਿਵਾਰ ਦੇ ਕੈਨੇਡਾ ਆਉਣ ਨਾਲ ਨਾ ਸਿਰਫ ਆਰਜ਼ੀ ਰੂਪ ਵਿੱਚ ਇਸਤਰੀਆਂ ਤੇ ਪਰਿਵਾਰਾਂ ਦੀ ਆਮਦ ਦਾ ਮੁੱਢ ਬੱਝਿਆ, ਬਲਕਿ 28 ਅਗਸਤ 1912 ਨੂੰ ਆਪ ਜੀ ਦੇ ਗ੍ਰਿਹ ਵਿਖੇ ਬੀਬੀ ਕਰਤਾਰ ਕੌਰ ਦੀ ਕੁੱਖੋਂ ਜਨਮਿਆ ਬੱਚਾ ਹਰਦਿਆਲ ਸਿੰਘ 'ਕੈਨੇਡਾ ਦੀ ਧਰਤੀ ਤੇ ਪੈਦਾ ਹੋਣ ਵਾਲਾ ਪਹਿਲਾ ਸਿੱਖ' ਅਤੇ ਅਣਵੰਡੇ ਭਾਰਤ ਤੋਂ ਪਰਵਾਸ ਕਰਕੇ ਆਏ ਪਰਿਵਾਰ ਦਾ ਪਹਿਲਾ ਬਾਲਕ ਵੀ ਬਣਿਆ। ਪਰਿਵਾਰ ਦੇ ਇਸ ਆਰਜ਼ੀ ਪ੍ਰਵਾਸ ਮਗਰੋਂ ਵੀ ਭਾਈ ਸਾਹਿਬ ਨੇ ਕੈਨੇਡਾ 'ਚ ਇਮੀਗ੍ਰੈਂਟ ਪਰਿਵਾਰਾਂ ਲਈ ਬੂਹੇ ਖੋਲ੍ਹਣ ਵਾਸਤੇ ਲੰਮਾ ਸੰਘਰਸ਼ ਕੀਤਾ, ਜਿਸ ਲਈ ਇਤਿਹਾਸ ਸਦਾ ਹੀ ਆਪ ਜੀ ਦਾ ਰਿਣੀ ਰਹੇਗਾ। ਅੱਜ ਤੋਂ ਇੱਕ ਸਦੀ ਪਹਿਲਾਂ ਜਦੋਂ ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਪਰਵਾਸੀ ਲੋਕਾਂ ਨੂੰ ਸਸਕਾਰ ਕਰਨ ਤੋਂ ਵੀ ਰੋਕ ਦਿੱਤਾ ਜਾਂਦਾ ਸੀ, ਲੋਕ ਲੁੱਕ- ਛਿਪ ਕੇ ਜੰਗਲ ਵਿੱਚ ਦੂਰ- ਦੁਰਾਡੇ ਬਰਫ਼ ਤੇ ਮੀਂਹ ਪੈਂਦਿਆਂ ਮਿ ?ਤਕ ਦਾ ਸਸਕਾਰ ਕਰਦੇ ਸਨ, ਉਸ ਵੇਲੇ ਭਾਈ ਬਲਵੰਤ ਸਿੰਘ ਨੇ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼ਮਸ਼ਾਨ ਭੂਮੀ ਲਈ ਕੁਝ ਜਗ੍ਹਾ ਜ਼ਮੀਨ ਖਰੀਦੀ ਅਤੇ ਸਸਕਾਰ ਕਰਨ ਦਾ ਇੰਤਜ਼ਾਮ ਕਰਕੇ ਸਭਨਾਂ ਨੂੰ ਵੱਡੀ ਰਾਹਤ ਦਿਵਾਈ।

*(ਬਾਕੀ ਸਫ਼ਾ 24 'ਤੇ)*






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਸਤਿਗੁਰੂ ਦਾ ਦੂਸਰੀ ਵਾਰ ਦੱਖਣ ਨੂੰ ਜਾਣਾ

1008 ਸਤਿਗੁਰਾਂ ਨੇ ਦਿੱਲੀ ਸੰਗਤਾਂ ਨੂੰ, ਦੀਵਾਨ ਲਾ ਕੇ ਇਹ ਫਰਮਾਇਆ ਏ।
ਕੱਲ ਅਸੀਂ ਦੱਖਣ ਨੂੰ ਕੂਚ ਕਰਨਾ, ਸਾਨੂੰ ਹੁਕਮ ਅਕਾਲ ਦਾ ਆਇਆ ਏ।
ਮਥਰਾ, ਆਗਰੇ, ਜੈਪੁਰ ਜੌਨਪੁਰ, ਚਤੌੜਗੜ੍ਹ ਵੀ ਸਮਾਂ ਲਗਾਇਆ ਏ।
ਬਹਾਦਰ ਸ਼ਾਹ ਨੇ ਰਾਜੇ ਨਵਾਬਾਂ ਨੂੰ, ਗੁਰੂ ਸੇਵਾ ਦਾ ਹੁਕਮ ਸੁਣਾਇਆ ਏ॥

### ਚਤੌੜ ਦੇ ਰਾਜੇ ਦੇ ਰਾਜਪੂਤ ਸਿਪਾਹੀਆਂ ਨਾਲ ਸਿੰਘਾਂ ਦੀ ਲੜਾਈ

1009 ਸਿੰਘਾਂ ਨੂੰ ਘਾਹ ਦੀ ਲੋੜ ਪਈ, ਉਨ੍ਹਾਂ ਜਾ ਜ਼ਖੀਰੇ 'ਚੋਂ ਚੱਕਿਆ ਏ।
ਇਹ ਵੇਖ ਕੇ ਰਾਜੇ ਦੇ ਸੇਵਕਾਂ ਨੇ, ਉਥੇ ਆ ਸਿੰਘਾਂ ਨੂੰ ਡੱਕਿਆ ਏ।
ਆਪਸ ਵਿਚ ਬੰਦੂਕਾਂ ਚੱਲ ਪਈਆਂ, ਕਿਸੇ ਪੁੱਛਿਆ ਨਾ ਹੀ ਦੱਸਿਆ ਏ।
ਮਾਨ ਸਿੰਘ ਮਿਟਾਉਣ ਗਏ ਝਗੜੇ ਨੂੰ, ਗੋਲੀ ਮਾਰ ਕੇ ਕੀਤੀ ਹੱਤਿਆ ਏ॥

### ਬਹਾਦਰ ਸ਼ਾਹ ਨੂੰ ਪਤਾ ਲੱਗਣਾ

1010 ਬਹਾਦਰ ਸ਼ਾਹ ਦੇ ਪਾਸ ਇਹ ਗੱਲ ਪਹੁੰਚੀ, ਉਸ ਝਗੜਾ ਆਣ ਮਿਟਾਇਆ ਏ।
ਕਾਤਲ ਸਿੰਘਾਂ ਦੇ ਝੱਬੇ ਫੜ ਲਏ, ਰਾਜਾ ਚਤੌੜ ਦਾ ਭੱਜਾ ਆਇਆ ਏ।
ਦੋਸ਼ੀ ਫੜ ਗੁਰਾਂ ਦੇ ਪੇਸ਼ ਕੀਤੇ, ਸਤਿਗੁਰ ਮਾਫ਼ੀ ਦਾ ਹੁਕਮ ਸੁਣਾਇਆ ਏ।
ਸਸਕਾਰ ਸਿੰਘਾਂ ਦਾ ਕਰ ਹਰਚੰਦ ਸਿੰਘਾ, ਸਤਿਗੁਰਾਂ ਅੱਗੇ ਨੂੰ ਚਾਲਾ ਪਾਇਆ ਏ॥

### ਬੁਰਹਾਨ ਪਹੁੰਚ ਕੇ ਬਹਾਦਰ ਸ਼ਾਹ ਅਤੇ ਗੁਰੂ ਜੀ ਦਾ ਵੱਖ ਹੋਣਾ

1011 ਚਲਦੇ ਚਲਦੇ ਜਾ ਉਜੈਨ ਪਹੁੰਚੇ, ਡੇਰੇ ਵੱਖਰੇ ਵੱਖਰੇ ਲਾ ਦਿੱਤੇ।
ਉਥੋਂ ਚੱਲ ਕੇ ਉਹ ਬੁਰਹਾਨ ਪਹੁੰਚੇ, ਕੁੱਝ ਦਿਨ ਉਥੇ ਗੁਰਾਂ ਲੰਘਾ ਦਿੱਤੇ।
ਬਹਾਦਰ ਸ਼ਾਹ ਨੇ ਸੋਚਿਆ ਗੁਰੂ ਜੀ, ਮੈਂ ਪੰਜਾਬ ਤੋਂ ਦੂਰ ਪੁਚਾ ਦਿੱਤੇ।
ਹਰਚੰਦ ਸਿੰਘਾ ਸਮੇਂ ਨੇ ਇਸ ਥਾਂ ਤੋਂ, ਰਸਤੇ ਦੋਹਾਂ ਦੇ ਅੱਡ ਬਣਾ ਦਿੱਤੇ॥

### ਇੱਕ ਦੂਏ ਨੂੰ ਪੰਜਾਬ ਤੋਂ ਦੂਰ ਕਰਨ ਦਾ ਮਨੋਰਥ ਪੂਰਾ ਹੋਇਆ

1012 ਨਾਗਪੁਰ ਨੂੰ ਬਾਦਸ਼ਾਹ ਹੋ ਤੁਰਿਆ, ਗੋਲ ਕੰਡਾ ਉਸਨੇ ਜਾਵਣਾ ਸੀ।
ਸੱਚੇ ਪਾਤਸ਼ਾਹ ਛੇਤੀ ਨਾਂਦੇੜ ਜਾ ਕੇ, ਕਾਰਜ ਆਪਣਾ ਕਰ ਵਿਖਾਵਣਾ ਸੀ।
ਬਾਦਸ਼ਾਹ ਨੂੰ ਪੰਜਾਬ ਤੋਂ ਦੂਰ ਕਰਕੇ, ਮਨੋਰਥ ਗੁਰਾਂ ਨੇ ਸਿਰੇ ਚੜਾਵਣਾ ਸੀ।
ਹਰਚੰਦ ਸਿੰਘਾ ਸ਼ਾਹ ਨੂੰ ਕੀ ਪਤਾ, ਸਤਿਗੁਰ ਕਿਹੜਾ ਚੋਜ ਵਿਖਾਵਣਾ ਸੀ॥

### ਜੀਉਣ ਦਾਸ ਮਹੰਤ ਅਤੇ ਜੈਤਰਾਮ ਦਾ ਮਿਲਾਪ

1013 ਜੀਉਣ ਦਾਸ ਮਹੰਤ ਬਰਹਾਨ ਪੁਰ ਦਾ, ਕਰਨੀ ਵਾਲਾ ਸੰਤ ਕਹਾਂਵਦਾ ਏ।
ਪਤਾ ਲੱਗਾ ਗੁਰਾਂ ਦੇ ਅਵਣੇ ਦਾ, ਚਾਉ ਕਰਕੇ ਗੁਰਾਂ ਵਲ ਜਾਂਵਦਾ ਏ।
ਡੇਰਾ ਉਸਨੇ ਆਲੀਸ਼ਾਨ ਪਾਇਆ, ਚਰਨ ਗੁਰਾਂ ਦੇ ਉਥੇ ਪੁਆਂਵਦਾ ਏ।
ਜੈਤਰਾਮ ਜੀ ਦਾਦੂ ਨਰੈਣ ਵਾਲੇ, ਉਨ੍ਹਾਂ ਗੁਰੂ ਜੀ ਨਾਲ ਮਿਲਾਂਵਦਾ ਏ॥

### ਮਹੰਤ ਜੈਤ ਰਾਮ ਨਾਲ ਭੇਟ-ਵਾਰਤਾ ਹੋਣੀ

1014 ਜੈਤ ਰਾਮ ਜੀ ਪੁੱਛਦੇ ਗੁਰਾਂ ਤਾਈਂ, ਕਿਸ ਪਾਸੇ ਦਾ ਦਰਸ਼ ਦੀਦਾਰ ਕਰਨਾ।
ਕਿਸ ਕਿਸ ਨੂੰ ਆਪ ਨੇ ਤਾਰਨਾ ਏ, ਕਿਸ ਥਾਂ ਨੂੰ ਜਾ ਪਿਆਰ ਕਰਨਾ।
ਦਰਸ ਆਪਦੇ ਕਰ ਨਿਹਾਲ ਹੋਏ, ਭਵ-ਸਾਗਰੀ ਅਸਾਂ ਨੂੰ ਪਾਰ ਕਰਨਾ।
ਸਮਾਂ ਲੱਗੇ ਤੇ ਦਾਦੂ ਦੇ ਆ ਡੇਰੇ, ਸਾਡੇ ਉਤੇ ਆਣ ਉਪਕਾਰ ਕਰਨਾ॥

### ਸਤਿਗੁਰਾਂ ਦਾ ਉਤਰ

1015 ਅਕਾਲ ਪੁਰਖ ਦੇ ਸੰਤ ਜੀ ਦਾਸ ਹੋਏ, ਅਸੀਂ ਉਸਦਾ ਹੁਕਮ ਬਜਾਵਣਾ ਏ।
ਹੁਕਮ ਸਾਨੂੰ ਨਾਂਦੇੜ ਦਾ ਹੋਇਆ ਏ, ਡੇਰਾ ਗੋਦਾਵਰੀ ਕੰਢੇ ਜਾ ਲਾਵਣਾ ਏ।
ਸੰਤ ਜੀ ਤੁਸੀਂ ਵੀ ਨਾਲ ਚੱਲੋ, ਜਿਊਣ ਦਾਸ ਦਾ ਸੰਗ ਵੀ ਪਾਵਣਾ ਏ।
ਹਰਚੰਦ ਸਿੰਘਾ ਜ਼ਰੂਰੀ ਕੰਮ ਅਸਾਂ, ਕਿਸੇ ਸੇਵਕ ਤੋਂ ਜਾ ਕਰਾਵਣਾ ਏ॥

### ਜੈਤਰਾਮ ਨੇ ਗੁਰੂ ਜੀ ਨੂੰ ਖ਼ਬਰਦਾਰ ਕਰਨਾ

1016 ਜੈਤਰਾਮ ਨੇ ਕਿਹਾ ਨਾਂਦੇੜ ਜਾ ਕੇ, ਲਛਮਣ (ਮਾਧੋ) ਦਾਸ ਦੇ ਡੇਰੇ ਜਾਵਣਾ ਨਾ।
ਮੇਰੇ ਨਾਲ ਸੀ ਉਸ ਕੁਪੱਤ ਕੀਤੀ, ਸਿਰ ਆਪਣਾ ਤੁਸੀਂ ਭਨਾਵਣਾ ਨਾ।
ਠੱਠਾ ਕਰੇ ਹੋਰਾਂ ਦੇ ਨਾਲ ਉਹੋ, ਮੂੰਹ ਉਸਨੂੰ ਬਹੁਤਾ ਲਾਵਣਾ ਨਾ।
ਕੰਢਾ ਮੱਲ ਗੋਦਾਵਰੀ ਉਹ ਬੈਠਾ, ਸਾਥ ਉਸਦਾ ਭੋਰਾ ਸੁਹਾਵਣਾ ਨਾ॥

1017 ਸੈਰ ਕਰਦੇ ਆਏ ਗੋਦਾਵਰੀ ਤੇ, ਸਥਾਨ ਉਸਦਾ ਸਾਨੂੰ ਭਾਇਆ ਸੀ।
ਹੱਥ ਜੋੜ ਕੇ ਸਾਨੂੰ ਆਣ ਮਿਲਿਆ, ਪੈਰੀਂ ਹੱਥ ਅਸਾਂ ਦੇ ਲਾਇਆ ਸੀ।
ਬੜੇ ਸੁਹਣੇ ਸੁਨਹਿਰੀ ਪਲੰਘ ਉਤੇ, ਚਾਉ ਕਰਕੇ ਸਾਨੂੰ ਬਹਾਇਆ ਸੀ।
ਜਾਦੂ ਮਾਰਕੇ ਉਸ ਹਰਚੰਦ ਸਿੰਘਾ, ਪਲੰਘ ਸਾਡੇ ਉਤੇ ਪਲਟਾਇਆ ਸੀ॥

1018 ਯੋਗ ਸਾਧਕੇ ਉਸਨੇ ਵਸ ਕੀਤੇ, ਬੜੇ ਹੀ ਬੀਰ ਬਲਵਾਨ ਦਾਤਾ।
ਪਲੰਘ ਚੁੱਕ ਕੇ ਮੂਧਾ ਮਾਰ ਦੇਂਦੇ, ਕਰਨ ਬੰਦੇ ਦਾ ਬੜਾ ਅਪਮਾਨ ਦਾਤਾ।
ਪਟਕਾ ਕੇ ਸਾਨੂੰ ਧਰਤ ਤੇ ਡੇਗ ਦਿੱਤਾ, ਪਿੱਛੋਂ ਤਾੜੀਆਂ ਸਭ ਵਜਾਣ ਦਾਤਾ।
ਹਰਚੰਦ ਸਿੰਘਾ ਭੱਜੇ ਅਸਾਂ ਉਥੋਂ, ਛੱਡ ਆਪਣਾ ਉਥੇ ਸਾਮਾਨ ਦਾਤਾ॥

1019 ਕਰਾਮਾਤਾਂ ਉਸ ਵਿਚ ਬਹੁਤੀਆਂ ਨੇ, ਰਿਧੀਆਂ-ਸਿਧੀਆਂ ਚੋਖਾ ਗਿਆਨ ਹੈ ਜੀ।
ਹੋਰ ਪਤਾ ਨਹੀਂ ਕੀ ਤੇ ਕੀ ਕਰਦਾ, ਔਖਾ ਕਰਨਾ ਸਭ ਬਿਆਨ ਹੈ ਜੀ।
ਬਸ ਅਸਾਂ ਤੇ ਆਪ ਨੂੰ ਦੱਸਣਾ ਜੀ, ਆਪਣਾ ਰੱਖਣਾ ਆਪ ਧਿਆਨ ਹੈ ਜੀ।
ਹਰਚੰਦ ਸਿੰਘਾ ਲੋਕਾਂ ਨੂੰ ਤੰਗ ਕਰਨਾ, ਪਈ ਉਸਨੂੰ ਚੰਦਰੀ ਬਾਨ ਹੈ ਜੀ॥

### ਗੁਰੂ ਜੀ

1020 ਚੰਗਾ ਕੀਤਾ ਸਾਨੂੰ ਦੱਸ ਦਿੱਤਾ, ਉਥੇ ਅਸਾਂ ਜ਼ਰੂਰ ਹੀ ਜਾਵਣਾ ਏ।
ਅਸਾਂ ਵੇਖਣੇ ਉਸਦੇ ਬੀਰ ਜਾ ਕੇ, ਜ਼ੋਰ ਉਨ੍ਹਾਂ ਦਾ ਅਸੀਂ ਅਜ਼ਮਾਵਣਾ ਏ।
ਭਲੇ ਕੰਮ ਲਏ ਉਹ ਤਾਕਤਾਂ ਨੂੰ, ਨਾਲ ਪਿਆਰ ਦੇ ਜਾ ਸਮਝਾਵਣਾ ਏ।
ਹਰਚੰਦ ਸਿੰਘਾ ਜ਼ਾਲਮਾਂ ਅੱਤ ਚੁੱਕੀ, ਨਾਸ਼ ਜ਼ੁਲਮ ਦਾ ਅਸੀਂ ਕਰਾਵਣਾ ਏ॥

### ਗੁਰੂ ਜੀ ਦਾ ਨਾਂਦੇੜ ਵੱਲ ਕੂਚ

1021 ਬਹਿਰਾਨ ਪੁਰ ਤੋਂ ਸਤਿਗੁਰਾਂ ਕੂਚ ਕੀਤਾ, ਚਾਲੇ ਵੱਲ ਨਾਂਦੇੜ ਦੇ ਪਾਂਵਦੇ ਨੇ।
ਬਾਲਾਪੁਰ ਤੋਂ ਹੋ ਅਮਰਾਵਤ, ਅਬਚਲ ਨਗਰ ਆ ਡੇਰੇ ਲਾਂਵਦੇ ਨੇ।
ਮਾਧੋਦਾਸ (ਲਛਮਣ ਦੇਵ) ਨੂੰ ਮਿਲਣ ਦੀ ਤਾਂਘ ਭਾਰੀ, ਡੇਰੇ ਉਸਦੇ ਵਲ ਸਧਾਂਵਦੇ ਨੇ।
ਜਥਾ ਸਿੰਘਾਂ ਦਾ ਲੈ ਹਰਚੰਦ ਸਿੰਘਾ, ਸਤਿਗੁਰੂ ਡੇਰੇ ਦੇ ਅੰਦਰ ਜਾਂਵਦੇ ਨੇ॥

### ਮਾਧੋਦਾਸ ਦੇ ਡੇਰੇ ਆਰਾਮ ਕਰਨਾ

1022 ਦੇਖ ਬਾਗ-ਬਗੀਚੇ ਤੇ ਫ਼ਲ ਲੱਗੇ, ਸਥਾਨ ਗੁਰਾਂ ਨੂੰ ਬੜਾ ਹੀ ਭਾਇਆ ਏ।
'ਮਾਧੋਦਾਸ ਨਾ ਡੇਰੇ ਦੇ ਵਿਚ ਹੈ ਜੀ', ਸੇਵਾਦਾਰਾਂ ਨੇ ਆਖ ਸੁਣਾਇਆ ਏ।
ਘੋੜੇ ਸਿੰਘਾਂ ਨੇ ਬਾਗ ਦੇ ਵਿਚ ਬੰਨ੍ਹੇ ਗੁਰਾਂ ਪਲੰਘ ਤੇ ਆਸਣ ਲਾਇਆ ਏ।
ਕਹਿੰਦੇ ਸਿੰਘਾਂ ਨੇ ਉਥੇ ਹਰਚੰਦ ਸਿੰਘਾ, ਫੜ ਬੱਕਰਾ ਇੱਕ ਝਟਕਾਇਆ ਏ॥

### ਸੇਵਾਦਾਰਾਂ ਨੇ ਮਾਧੋਦਾਸ ਵੈਰਾਗੀ ਨੂੰ ਜਾ ਦੱਸਣਾ

1023 ਮਾਧੋਦਾਸ ਨੂੰ ਦੱਸਿਆ ਸੇਵਕਾਂ ਜਾ ਰਾਜਾ ਕੋਈ ਡੇਰੇ ਵਿਚ ਆ ਬੈਠਾ।
ਸੀਸ ਕਲਗੀ ਕੀਮਤੀ ਹੈਨ ਲੀੜੇ, ਘੋੜੇ ਰੁੱਖਾਂ ਦੇ ਨਾਲ ਬਨ੍ਹਾ ਬੈਠਾ।
ਫ਼ਲ ਤੋੜਕੇ ਖਾਂਵਦੇ ਹਨ ਬੰਦੇ, ਉਹ ਆਸਣ ਪਲੰਘ ਤੇ ਲਾ ਬੈਠਾ।
ਵੱਢ ਬੱਕਰਾ ਬੋਟੀਆਂ ਕੀਤੀਆ ਨੇ, ਰਸੋਈ ਵੈਸ਼ਨੂੰ ਮਾਸ ਚੜ੍ਹਾ ਬੈਠਾ॥

1024 ਸਿਰੀ, ਲੱਤਾਂ ਤੇ ਲਾਹ ਕੇ ਖੱਲ ਰੱਖੀ, ਖ਼ੂਨ ਡੋਲ੍ਹਿਆ ਥਾਂ ਬਰਾਨ ਕੀਤਾ।
ਅਸੀਂ ਰੋਕਿਆ ਸਾਨੂੰ ਕੁੱਟ ਧਰਿਆ, ਬਾਗ਼ ਬੂਟਿਆਂ ਬੜਾ ਨੁਕਸਾਨ ਕੀਤਾ।
ਸਸਤਰ-ਬਸਤਰ ਇਕੋ ਜਿਹੇ ਪਾਏ ਉਨ੍ਹਾਂ, ਖੜਾ ਆਪਣਾ ਆ ਨਿਸ਼ਾਨ ਕੀਤਾ।
ਹਰਚੰਦ ਸਿੰਘਾ ਬੜੇ ਜਵਾਨ ਬੰਦੇ, ਹਰ ਪਾਸੇ ਉਨ੍ਹਾਂ ਨੇ ਘਾਣ ਕੀਤਾ॥

### ਮਾਧੋਦਾਸ ਦਾ ਕ੍ਰੋਧਵਾਨ ਹੋਣਾ

1025 ਮਾਧੋਦਾਸ ਨੂੰ ਸੁਣ ਕ੍ਰੋਧ ਆਇਆ, ਸ਼ਕਤੀ ਆਪਣੀ ਉਹ ਅਜਮਾਉਣ ਲੱਗਾ।
ਜਿੰਨ ਭੂਤ ਬੀਰ* ਜੋ ਵਸ ਕੀਤੇ, ਮੰਤ੍ਰ ਮਾਰ ਕੇ ਉਨ੍ਹਾਂ ਬੁਲਾਉਣ ਲੱਗਾ।
ਸਣੇ ਪਲੰਘ ਉਸ ਨੂੰ ਕਰੋ ਮੂਧਾ, ਬੀਰਾਂ ਤਾਈਂ ਜਾ ਉਹ ਸਮਝਾਉਣ ਲੱਗਾ।
ਅੱਗ ਲਾ ਕੇ ਰਸੋਈ ਭਸਮ ਕਰਦੇ, ਹਰਚੰਦ ਸਿੰਘ ਜੀ ਮਾਸ ਪਕਾਉਣ ਲੱਗਾ॥

* ਸੂਰਜ ਪ੍ਰਕਾਸ਼ ਤੇ ਪੰਥ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਮਾਧੋਦਾਸ ਵੈਰਾਗੀ ਕੋਲ ਬੀਰ ਅਤੇ ਜਾਦੂ ਸ਼ਕਤੀਆਂ ਸਨ।

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਸਪੈਸ਼ਲ ਸੇਲ !

www.dream-carpets.com

# dream carpets

Shaw FLOORS
Ansonylon
STAINMASTER CARPET
ClearTouch

from $1.98 SF — **Berber** Installed

**Textured Saxony** Installed — from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

## ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

**NOBODY KNOWS FLOORING LIKE DREAM CARPETS**

**SERVING WESTERN CANADA FOR OVER 38 YEARS**


Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00


Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed


Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ, ਉਮਰ 38, ਕੱਦ 5'8". ਥੋੜ੍ਹੀ ਜਿਹੀ ਡਿਸਪੈਰਿਟੀ, ਦੇਖਣ ਨੂੰ ਨਾਰਮਲ ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਡਿਸਪੈਰਿਟੀ ਵਾਲੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 778-760-3981, Email: kashkaur59@gmail.com

ap 09

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ: 604-901-9044, Email: kashkaur59@gmail.com

◆◆◆◆◆◆◆◆◆◆◆◆◆◆

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਆਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ap23

◆◆◆◆◆◆◆◆◆◆◆◆◆◆

ਲੁਧਿਆਣੇ ਨਾਲ ਸਬੰਧਤ ਕੈਨੇਡਾ ਵਿਚ ਰਹਿ ਰਹੇ 30 ਸਾਲਾ, ਕੱਦ 5'8" ਰਾਮਗੜ੍ਹੀਆ ਧਨੀ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਭਾਰਤ ਵਿਚ ਵੈੱਲ ਸੈਟਲਡ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- 8427795577 (ਵਟਸ ਐਪ), ਕਾਲ: 7788896191//2363308884

mar 12

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਸੁੰਦਰ ਜੱਟ ਸਿੱਖ ਲੜਕਾ (ਵੈਨਕੋਵਰ) ਨਵੰਬਰ 91, 5'11" ਇੰਜੀਨੀਅਰ, ਮਾਪੇ ਟੀਚਰ ਰਿਟਾਇਰਡ ਵਾਸਤੇ ਸੁੰਦਰ, ਲੰਮੀ ਪੜ੍ਹੀ ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੱਡੀ ਬੇਸ, ਵਰਕ ਪਰਮਟ ਵੀ ਵਿਚਾਰਯੋਗ। ਲੜਕਾ ਖੰਨਾ, ਸਮਰਾਲਾ ਏਰੀਏ ਨਾਲ ਸਬੰਧ ਰੱਖਦਾ ਹੈ। ਮੈਰਿਜ ਬਿਊਰੋ ਮਾਫ ਕਰਣ।
Phone: +1(778) 636-4622, 94637-48264 (INDIA)

◆◆◆◆◆◆◆◆◆◆◆◆◆◆

ਕੈਨੇਡਾ ਵਿੱਚ ਪੀ.ਆਰ. ਲੜਕਾ ਉਮਰ 31 ਸਾਲ ਕੱਦ 6' ਵਧੀਆ ਜੌਬ ਕਰਦਾ ਹੈ ਵਾਸਤੇ ਯੋਗ ਕੈਨੇਡੀਅਨ ਸਿਟੀਜਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ 778-847-2800 ਨੰਬਰ 'ਤੇ ਸੰਪਰਕ ਕਰੋ।

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ ਇਕਲੌਤਾ ਲੜਕਾ, ਉਮਰ 24 ਸਾਲ, ਕੱਦ 6'3", ਵਧੀਆ ਯੂਨੀਅਨ ਜੌਬ, ਲੁਧਿਆਣਾ ਸ਼ਹਿਰ ਦੇ ਪਿਛੋਕੜ ਵਾਲਾ ਵਧੀਆ ਪਰਿਵਾਰ, ਲਈ, ਕੈਨੇਡੀਅਨ ਸਿਟੀਜ਼ਨ / ਪੀ.ਆਰ. ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੀ ਦਾ ਕੱਦ ਘੱਟੋਂ ਘੱਟ 5'5" ਹੋਵੇ। ਸੰਪਰਕ: 604-308-8138

◆◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

ਜੱਟ ਸਿੱਖ ਪਰਿਵਾਰ ਆਪਣੀ ਲੜਕੀ ਉਮਰ 25 ਸਾਲ, ਕੱਦ 5'4", ਸੋਹਣੀ ਸੁਨੱਖੀ , ਐੱਮ.ਬੀ.ਬੀ.ਐੱਸ. (MBBS) ਲਈ ਲੜਕੇ ਦੀ ਤਲਾਸ਼ ਕਰ ਰਹੇ ਹਨ। ਲੜਕਾ ਡਾਕਟਰ ਅਤੇ ਜੱਟ ਸਿੱਖ ਪਰਿਵਾਰ ਦਾ ਹੋਣਾ ਚਾਹੀਦਾ ਹੈ ਅਤੇ ਕੈਨੇਡਾ ਦਾ ਨਾਗਰਿਕ ਜਾਂ ਪੀ.ਆਰ. ਹੋਣਾ ਚਾਹੀਦਾ ਹੈ। ਲੜਕੀ ਦਾ ਪਰਿਵਾਰ ਵੈਨਕੂਵਰ ਬਹੁਤ ਮਸ਼ਹੂਰ ਅਤੇ ਵਧੀਆ ਸੈਟਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ:604-377-4085

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ਼ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ। ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਆਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਓ। ਹੋਰ ਜਾਣਕਾਰੀ ਲਈ ਸੰਪਰਕ ਕਰ:604-298-5000

ap 23

◆◆◆◆◆◆◆◆◆◆◆◆◆◆

# ਪੰਜਾਬ ਤੋਂ ਬਾਹਰਲਿਆਂ ਨੂੰ ਪੰਜਾਬ ਰਾਜ ਸਭਾ ਲਈ ਮੈਂਬਰ ਨਾਮਜ਼ਦ ਕਰਨਾ, ਆਪ ਵੱਲੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਧੋਖਾ ਤੇ ਵਿਤਕਰਾ

**• ਪੰਜਾਬ ਤੋਂ ਨਾਮਜ਼ਦ ਪੰਜ ਰਾਜ ਸਭਾ ਮੈਂਬਰਾਂ 'ਚੋਂ ਕਿਹੜਾ ਹੈ ਸ਼ਹੀਦ ਭਗਤ ਸਿੰਘ ਅਤੇ ਡਾ ਅੰਬੇਡਕਰ ਦਾ ਪੈਰੋਕਾਰ ?**

ਡਾ ਗੁਰਵਿੰਦਰ ਸਿੰਘ

ਪੰਜਾਬ ਦੀਆਂ ਰਾਜ ਸਭਾ ਸੀਟਾਂ ਲਈ ਪੰਜਾਬੀਆਂ ਨੂੰ ਛੱਡ ਕੇ, ਦਿੱਲੀ ਦੇ ਸੰਦੀਪ ਪਾਠਕ ਅਤੇ ਰਾਘਵ ਚੱਢਾ ਵਰਗਿਆਂ ਨੂੰ











ਰਾਜ ਸਭਾ ਮੈਂਬਰ ਨਾਮਜ਼ਦ ਕਰਨਾ, ਨਾ ਸਿਰਫ਼ ਪੰਜਾਬ ਨਾਲ ਧੋਖਾ ਤੇ ਵਿਤਕਰਾ ਹੈ, ਸਗੋਂ ਪੰਜਾਬ ਨੂੰ ਦਿੱਲੀ ਦਾ ਗੁਲਾਮ ਬਣਾਉਣਾ ਵੀ ਹੈ। ਕੁਝ ਸੁਹਿਰਦ ਵਿਅਕਤੀਆਂ ਨੇ ਆਵਾਜ਼ ਉਠਾਈ ਸੀ ਕਿ ਕਿਸੇ ਸਮੇਂ ਭਗਵੰਤ ਮਾਨ ਨੇ ਕਿਹਾ ਸੀ ਕਿ ਬੀਬੀ ਪਰਮਜੀਤ ਕੌਰ ਖਾਲੜਾ ਵਰਗੀਆਂ ਸ਼ਖ਼ਸੀਅਤਾਂ ਨੂੰ ਰਾਜ ਸਭਾ ਭੇਜਣਾ ਚਾਹੀਦਾ ਹੈ, ਪਰ ਅਜਿਹੀਆਂ ਇਨਕਲਾਬੀ ਸ਼ਖ਼ਸੀਅਤਾਂ ਦੀ ਤਾਂ ਗੱਲ ਹੀ ਛੱਡੋ, ਜਿਹੜੇ ਵਿਅਕਤੀ ਪੰਜਾਬ ਤੋਂ ਆਮ ਆਦਮੀ ਪਾਰਟੀ ਵੱਲੋਂ ਰਾਜ ਸਭਾ ਲਈ ਨਾਮਜ਼ਦ ਕਰਕੇ ਭੇਜੇ ਜਾ ਰਹੇ ਹਨ, ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਵਿਤਕਰਾ ਅਤੇ ਹੱਕਾਂ 'ਤੇ ਡਾਕਾ ਹਨ। ਜੇਕਰ ਅੱਜ ਆਪ ਵਿਧਾਇਕ ਅਤੇ ਸਮਰਥਕ ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠੇ ਰਹੇ, ਤਾਂ ਅਜਿਹੀਆਂ ਕਾਰਵਾਈਆਂ ਜਲਦੀ ਹੀ ਉਨ੍ਹਾਂ ਦੇ ਭਿਆਨਕ ਹਸ਼ਰ ਨੂੰ ਜਨਮ ਦੇਣਗੀਆਂ। ਆਪ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬੀ ਪਿੱਠ 'ਚ ਛੁਰਾ ਕਦੇ ਬਰਦਾਸ਼ਤ ਨਹੀਂ ਕਰਦੇ ਅਤੇ ਇਹ ਕਾਰਵਾਈ ਪੰਜਾਬੀਆਂ ਸ਼ਰ੍ਹੇਆਮ ਧੋਖਾ ਹੈ। ਜਿਨ੍ਹਾਂ ਕਾਰਨਾਂ ਕਰਕੇ ਪੰਜਾਬੀਆਂ ਨੇ ਦਕੀਆਨੂਸੀ ਅਤੇ ਮਾੜੀ ਲੀਡਰਸ਼ਿਪ ਨੂੰ ਨਕਾਰ ਕੇ, ਆਪਣਾ ਗੁੱਸਾ ਕੱਢਿਆ ਸੀ ਤੇ ਆਪ ਨੂੰ ਮੌਕਾ ਦਿੱਤਾ ਸੀ, ਅੱਜ ਉਸੇ ਰਸਤੇ 'ਤੇ ਆਪ ਪਾਰਟੀ ਤੁਰ ਪਈ ਹੈ। ਇਸ ਦਾ ਹਸ਼ਰ ਉਨ੍ਹਾਂ ਤੋਂ ਵੀ ਭਿਆਨਕ ਹੋਵੇਗਾ। ਜਿਹੜੇ ਵਿਅਕਤੀ ਦਿੱਲੀ ਤੋਂ, ਪੰਜਾਬ ਰਾਜ ਸਭਾ ਮੈਂਬਰ ਨਾਮਜ਼ਦ ਕੀਤੇ ਗਏ ਹਨ, ਉਹ ਪੰਜਾਬ ਦੇਸ਼, ਪੰਜਾਬੀ ਜ਼ੁਬਾਨ ਅਤੇ ਪੰਜਾਬੀਅਤ ਦੀ ਵਿਰਾਸਤ ਤੋਂ ਕੋਹਾਂ ਦੂਰ ਹਨ। ਕੀ ਪੰਜਾਬ ਵਿਚ ਵਿਦਵਾਨਾਂ, ਖੋਜੀਆਂ, ਚਿੰਤਕਾਂ ਅਤੇ ਸਮਾਜ ਸੇਵਕਾਂ ਦਾ ਕਾਲ ਪੈ ਗਿਆ ਹੈ ? ਆਮ ਆਦਮੀ ਪਾਰਟੀ ਵੱਲੋਂ ਪੰਜਾਬ ਰਾਜ ਸਭਾ ਲਈ ਜਿਹੜੇ ਹੋਰ ਮੈਂਬਰ ਨਾਮਜ਼ਦ ਕੀਤੇ ਗਏ ਹਨ, ਉਨ੍ਹਾਂ 'ਚ ਪੰਜਾਬ ਦੀ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਕ ਅਸ਼ੋਕ ਮਿੱਤਲ, ਇੱਕ ਉਦਯੋਗਪਤੀ ਸੰਜੀਵ ਅਰੋੜਾ ਅਤੇ ਇਕ ਸਾਬਕਾ ਕ੍ਰਿਕੇਟਰ ਹਰਭਜਨ ਸਿੰਘ ਦਾ ਨਾਂ ਸ਼ਾਮਲ ਹੈ, ਪਰ ਯਕੀਨਨ ਤੌਰ 'ਤੇ ਪੰਜਾਬ ਦੇ ਮੂਲ ਹੱਕਾਂ ਵਾਸਤੇ ਰਾਜ ਸਭਾ ਵਿਚ ਆਵਾਜ਼ ਬੁਲੰਦ ਕਰਨ ਦੀ ਇਨ੍ਹਾਂ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ। ਹਾਂ, ਨਿੱਜੀ ਮੁਫਾਦ ਲਈ ਜ਼ਰੂਰ ਕੁਝ ਹਾਸਲ ਕਰਨ ਦਾ ਤਹੱਈਆ ਕੀਤਾ ਜਾ ਸਕਦਾ ਹੈ। ਆਮ ਆਦਮੀ ਪਾਰਟੀ ਨੇ ਵੱਡੇ ਵੱਡੇ ਦਾਅਵੇ ਕੀਤੇ ਹਨ ਕਿ ਉਹ ਡਾ ਅੰਬੇਦਕਰ ਅਤੇ ਸ਼ਹੀਦ ਭਗਤ ਸਿੰਘ ਦੇ ਰਸਤੇ 'ਤੇ ਚੱਲਣਗੇ, ਪਰ ਇਨ੍ਹਾਂ ਪੰਜਾਂ ਵਿੱਚੋਂ ਕਿਹੜਾ ਭਗਤ ਸਿੰਘ ਵਰਗਾ ਇਨਕਲਾਬੀ ਜਾਂ ਡਾ ਅੰਬੇਡਕਰ ਵਰਗਾ ਦਲਿਤ- ਹਿਤੈਸ਼ੀ ਹੈ, ਕੋਈ ਦੱਸ ਸਕਦਾ ਹੈ ? ਇੰਨਾ ਜ਼ਰੂਰ ਹੈ ਕਿ ਆਪ ਦੀ ਸੋਚ, ਇਸ ਚੋਣ ਨੇ ਨੰਗੀ ਕੀਤੀ ਹੈ ਜਿਸ ਰਾਹੀਂ ਉਸ ਨੇ ਪੰਜਾਬ ਦੀ ਧਰਤੀ ਤੋਂ ਵੀ ਫਿਰਕੂ ਪੱਤਾ ਖੇਡ ਕੇ, ਭਾਰਤ ਦੇ ਬਹੁਗਿਣਤੀਵਾਦ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀਆਂ ਨੇ ਆਪ ਨੂੰ ਪੰਜਾਬ ਦੀ ਧਰਤੀ 'ਤੇ ਇਸ ਲਈ ਨਹੀਂ ਸੀ ਜਿਤਾਇਆ ਕਿ ਉਹ ਪੰਜਾਬ ਨੂੰ ਦਿੱਲੀ ਦੀ ਦਬੇਲ ਬਣਾ ਕੇ ਰੱਖਣ। ਜੇ ਅਜਿਹਾ ਹੁੰਦਾ ਹੈ, ਤਾਂ ਉਸ ਦੇ ਨਤੀਜੇ ਭੁਗਤਣ ਲਈ ਵੀ ਆਮ ਆਦਮੀ ਪਾਰਟੀ ਤਿਆਰ ਰਹੇ, ਕਿਉਂਕਿ ਪੰਜਾਬੀਆਂ ਦਾ ਸੁਭਾਅ ਪ੍ਰੋ ਪੂਰਨ ਸਿੰਘ ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਹੈ-

**.". ਪਿਆਰ ਨਾਲ ਇਹ ਕਰਨ ਗੁਲਾਮੀ, ਜਾਨਾਂ ਥੀ ਵਾਰ ਦਿੰਦੇ**

ਪਰ ਟੈਂ ਨਾ ਮੰਨਣ ਕਿਸੇ ਦੀ

ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰ ਕੇ।

NORTHCOAST LUMBER 1

CALL THE TRUE CONTRACTORS YARD TODAY

604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਕੈਨੇਡਾ ਦੇ ਗ਼ਦਰੀ ਯੋਧੇ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦੀ ਸ਼ਹਾਦਤ

ਸਫ਼ਾ 19 ਦੀ ਬਾਕੀ

ਜਿਸ ਵੇਲੇ 'ਗ਼ਦਰ ਪਾਰਟੀ' ਦਾ ਉੱਤਰੀ ਅਮਰੀਕਾ ਵਿੱਚ ਅਜੇ ਮੁੱਢ ਬੰਨ੍ਹਿਆ ਜਾ ਰਿਹਾ ਸੀ, ਉਸ ਵੇਲੇ ਭਾਈ ਸਾਹਿਬ ਦੀ ਅਗਵਾਈ ਵਿੱਚ 14 ਮਾਰਚ 1913 ਨੂੰ ਤਿੰਨ ਮੈਂਬਰੀ ਵਫਦ, ਲੰਡਨ ਅਤੇ ਭਾਰਤ ਜਾ ਕੇ, ਅੰਗਰੇਜ਼ ਸਾਮਰਾਜ ਦੇ ਅਸਲ ਚਿਹਰੇ ਨੂੰ ਨੰਗਾ ਕਰਨ ਦਾ ਸੰਘਰਸ਼ ਸ਼ੁਰੂ ਕਰ ਚੁੱਕਿਆ ਸੀ। ਇਸ ਵਫ਼ਦ ਵਿੱਚ ਭਾਈ ਸਾਹਿਬ ਦੇ ਸਹਿਯੋਗੀ ਅਮਰੀਕਾ ਤੋਂ ਸਿੱਖ ਪ੍ਰਤੀਨਿਧ ਨੰਦ ਸਿੰਘ ਸੀਹਰਾ ਅਤੇ ਕੈਨੇਡਾ ਤੋਂ ਭਾਈ ਨਰੈਣ ਸਿੰਘ ਚੋਬਦਾਰ ਸਨ। ਇਨ੍ਹਾਂ 13 ਸਤੰਬਰ 1913 ਤੱਕ ਲੰਡਨ ਤੋਂ ਲੈ ਕੇ ਭਾਰਤ ਅਤੇ ਪੰਜਾਬ ਦੇ ਕੋਨੇ -ਕੋਨੇ ਵਿੱਚ ਆਵਾਜ਼ ਉਠਾਈ। ਚਾਹੇ ਉਸ ਵੇਲੇ ਪੰਜਾਬ ਦੇ ਜਾਗਰੂਕ ਲੋਕਾਂ, ਲੋਕ ਪੱਖੀ ਮੀਡੀਆ ਅਤੇ ਆਮ ਵਿਅਕਤੀਆਂ ਨੇ ਉਨ੍ਹਾਂ ਦਾ ਸਾਥ ਦਿੱਤਾ, ਪਰ ਅਖੌਤੀ ਰਾਸ਼ਟਰਵਾਦੀ ਅਤੇ ਫਰੰਗੀਆਂ ਦੇ ਝੋਲੀ ਚੁੱਕਾਂ ਨੇ ਵਿਰੋਧ ਹੀ ਕੀਤਾ। ਗ਼ਦਰੀ ਸੂਰਮਿਆਂ ਦੇ ਅਖ਼ਬਾਰ 'ਕਿਰਤੀ' 1926 ਦੇ ਅੰਕ ਦੇ ਪੰਨਾ 14 ਉੱਪਰ ਲਿਖਿਆ ਹੈ ਕਿ ਰਾਸ਼ਟਰਵਾਦੀ ਆਗੂ ਲਾਲਾ ਲਾਜਪਤ ਰਾਏ ਨੇ ਭਾਈ ਬਲਵੰਤ ਸਿੰਘ ਹੁਰਾਂ ਵੱਲੋਂ ਅੰਗਰੇਜ਼ਾਂ ਖ਼ਿਲਾਫ਼ ਕੀਤੇ ਸੰਘਰਸ਼ ਨੂੰ 'ਕੇਵਲ ਸਿੱਖਾਂ ਦਾ ਮਸਲਾ' ਕਹਿਕੇ ਉਹਨਾਂ ਦਾ ਸਾਥ ਦੇਣੋਂ ਨਾਂਹ ਕਰ ਦਿੱਤੀ। ਦੂਜੇ ਪਾਸੇ ਚੀਫ ਖਾਲਸਾ ਦੀਵਾਨ ਵਿਚਲੇ ਅੰਗਰੇਜ਼ਾਂ ਦੇ ਪਿੱਠੂਆਂ ਨੇ ਵੀ ਭਾਈ ਸਾਹਿਬ ਦੇ ਇਤਿਹਾਸਕ ਯਤਨਾਂ ਦੀ ਵਿਰੋਧਤਾ ਕਰਕੇ ਕੌਮ ਦੀ ਪਿੱਠ 'ਚ ਛੁਰਾ ਮਾਰਿਆ। ਇਸੇ ਕਾਰਨ ਹੀ ਕੁਝ ਸਮਾਂ ਮਗਰੋਂ ਸਿੱਖ ਸੰਗਤਾਂ ਵੱਲੋਂ ਗੁਰਮਤਾ ਕਰਕੇ ਅਜਿਹੇ ਵਿਅਕਤੀਆਂ ਨੂੰ ਪੰਥ ਅਤੇ ਕੌਮ ਦੇ ਗ਼ਦਾਰ ਐਲਾਨਿਆ ਗਿਆ। ਇਤਿਹਾਸਕ ਸਰੋਤਾਂ ਅਨੁਸਾਰ ਇਨ੍ਹਾਂ ਗੁਰਮਤਿਆਂ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕਰਦਿਆਂ ਗਦਰੀ ਯੋਧਿਆਂ, ਕਾਮਾਗਾਟਾ ਮਾਰੂ ਦੇ ਮੁਸਾਫਰਾਂ, ਕੈਨੇਡਾ ਤੋਂ ਆਏ ਸਿੱਖ ਜੱਥਿਆਂ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਹੋਰਨਾਂ ਸ਼ਖ਼ਸੀਅਤਾਂ ਦੀ ਬਹਾਦਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਨਾਲ ਹੀ ਸੁੰਦਰ ਸਿੰਘ ਮਜੀਠੀਏ, ਅਰੂੜ ਸਿੰਘ ਸਰਬਰਾਹ ਅਤੇ ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਵਰਗਿਆਂ ਨੂੰ ਤਨਖਾਹੀਏ ਕਰਾਰ ਦੇ ਕੇ, ਉਨ੍ਹਾਂ ਨੂੰ 'ਭਾਈ' ਜਾਂ 'ਸਰਦਾਰ' ਸ਼ਬਦ ਨਾਲ ਸੰਬੋਧਨ ਨਾ ਕਰਨ ਵਾਸਤੇ ਕਿਹਾ ਗਿਆ। ਇਸ ਤੋਂ ਇਲਾਵਾ ਮਹਾਰਾਜਾ ਪਟਿਆਲਾ ਵੱਲੋਂ ਮਾਈਕਲ ਓਡਵਾਇਰ ਫੰਡ ਵਿੱਚ, 'ਵੀਹ ਹਜ਼ਾਰ ਰੁਪਏ' ਜਮ੍ਹਾਂ ਕਰਵਾਉਣ ਦੀ ਕਾਰਵਾਈ ਲਈ ਲਾਹਨਤਾ ਪਾਈਆਂ ਗਈਆਂ। 'ਸਰ' ਸੁੰਦਰ ਸਿੰਘ ਮਜੀਠੀਆ ਮਾਈਕਲ ਓਡਵਾਇਰ ਲਈ ਫੰਡ ਇਕੱਠਾ ਕਰਨ ਵਾਲੀ ਕਮੇਟੀ ਦਾ ਮੁਖੀ ਸੀ। ਭਾਈ ਬਲਵੰਤ ਸਿੰਘ ਖੁਰਦਪੁਰ ਨੇ ਕੈਨੇਡਾ ਵਾਪਸ ਪਰਤਦਿਆਂ ਆਪਣੇ ਮਿੱਤਰ ਭਾਈ ਹਰਚੰਦ ਸਿੰਘ ਲਾਇਲਪੁਰੀ ਨੂੰ ਪੱਤਰ ਲਿਖਕੇ ਚੀਫ਼ ਖ਼ਾਲਸਾ ਦੀਵਾਨ ਨਾਲੋਂ ਨਾਤਾ ਤੋੜਨ ਅਤੇ ਅੰਗਰੇਜ਼ ਹਕੂਮਤ ਦਾ ਡਟਵਾਂ ਵਿਰੋਧ ਕਰਨ ਦੀ ਹਦਾਇਤ ਕੀਤੀ ਸੀ। ਕੈਨੇਡਾ ਵਾਪਸੀ ਦੌਰਾਨ ਆਪ ਕਾਮਾਗਾਟਾ ਮਾਰੂ 'ਗੁਰੂ ਨਾਨਕ ਜਹਾਜ਼' ਦੇ ਮੁਸਾਫ਼ਰਾਂ ਅਤੇ ਮੁਖੀ ਭਾਈ ਗੁਰਦਿੱਤ ਸਿੰਘ ਸਰਹਾਲੀ ਨੂੰ ਵੀ ਮਿਲੇ ਅਤੇ ਜਹਾਜ਼ ਦੇ ਕੈਨੇਡਾ ਪੁੱਜਣ ਤੋਂ ਦੋ ਦਿਨ ਪਹਿਲਾਂ ਵੈਨਕੂਵਰ ਪਹੁੰਚ ਗਏ। ਮੁਸਾਫ਼ਰਾਂ ਦੀ ਸਹਾਇਤਾ ਲਈ ਬਣੀ 'ਸ਼ੋਅਰ ਕਮੇਟੀ' ਵਿੱਚ ਭਾਈ ਸਾਹਿਬ ਆਗੂ ਸਨ। ਜਦੋਂ ਜਬਰੀ ਜਹਾਜ਼ ਭਾਰਤ ਵਾਪਸ ਮੁੜਨ ਦਾ ਫੈਸਲਾ ਕੀਤਾ ਗਿਆ, ਤਾਂ ਭਾਈ ਸਾਹਿਬ ਆਪਣੇ ਸਾਥੀਆਂ ਸਮੇਤ 23 ਜੁਲਾਈ 1914 ਨੂੰ ਅਮਰੀਕਾ ਤੋਂ ਹਥਿਆਰ ਖ਼ਰੀਦਣ ਵਾਸਤੇ ਗਏ, ਤਾਂ ਕਿ ਜਹਾਜ਼ ਰਾਹੀਂ ਗ਼ਦਰ ਪਾਰਟੀ ਦੇ ਲੀਡਰਾਂ ਤੱਕ ਪਹੁੰਚਾਏ ਜਾ ਸਕਣ, ਪਰ ਸੂਮਸ ਬਾਰਡਰ 'ਤੇ ਇਨ੍ਹਾਂ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਜਹਾਜ਼ ਪਰਤਣ ਤੋਂ ਬਾਅਦ ਰਿਹਾਅ ਕੀਤਾ ਗਿਆ। ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫੈਸਲੇ ਅਧੀਨ ਸਿੰਘ ਸਾਹਿਬ ਨੇ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ ਚੰਦ ਨਵਾਂ ਨਾਲ ਸਾਨ- ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ । ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ 'ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ 'ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ। ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ 'ਤੇ ਭਾਰੀ ਤਸ਼ੱਦਦ ਕੀਤਾ। ਜੁਲਾਈ 1916 ਵਿੱਚ ਆਪ ਨੂੰ ਪੰਜਾਬ ਲਿਜਾ ਕੇ 'ਲਾਹੌਰ ਸੈਕਿੰਡ ਸਪਲੀਮੈਂਟਰੀ ਸਾਜ਼ਿਸ਼' ਮੁਕੱਦਮੇ ਅਧੀਨ ਪੇਸ਼ ਕੀਤਾ ਗਿਆ। ਬੇਲਾ ਜਿਆਣ ਗ਼ੱਦਾਰ ਵੈਨਕੂਵਰ ਦੇ ਸਾਥੀ 'ਟਾਉਟ ਗੰਗਾ ਰਾਮ' ਦੇ ਭਰਾ ਅਮਨ ਸਹੋਤਾ, ਮੰਗਲ ਜਿਆਣ ਅਤੇ ਬੇਅੰਤ ਸਿੰਘ ਨਾਲ ਮਿਲ ਕੇ ਝੂਠੀਆਂ ਗਵਾਹੀਆਂ ਦਿੱਤੀਆਂ, ਜਿਨ੍ਹਾਂ ਦੇ ਆਧਾਰ ਤੇ ਭਾਈ ਸਾਹਿਬ ਨੂੰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਾਉਣ ਅਤੇ ਗ਼ਦਰ ਮਚਾਉਣ ਵਾਲੇ ਲੋਕਾਂ ਦੇ ਆਗੂ ਵਜੋਂ ਭਾਰਤ 'ਚ ਬਗਾਵਤ ਤੇ ਕਤਲ ਕਰਵਾਉਣ ਦਾ ਜ਼ਿੰਮੇਵਾਰ ਕਰਾਰ ਦਿੰਦਿਆਂ, ਇੰਡੀਅਨ ਪੈਨਲ ਕੋਡ ਅਨੁਸਾਰ ਸਜ਼ਾ- ਏ -ਮੌਤ ਸੁਣਾਈ ਗਈ ਅਤੇ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ। ਸਿੰਘ ਸਾਹਿਬ ਸ਼ਹਾਦਤ ਪਾਉਣ ਤੱਕ ਚੜ੍ਹਦੀ ਕਲਾ ਵਿੱਚ ਰਹੇ। ਉਨ੍ਹਾਂ ਦੀ ਇਹ ਸ਼ਬਦ ਜ਼ਿਕਰਯੋਗ ਹਨ : "ਰਾਜਸੀ ਮੌਤ ਮਰਨ ਨਾਲ ਮੈਨੂੰ ਖੁਸ਼ੀ ਹੈ ਅਤੇ ਮੈਨੂੰ ਇਸ ਦਾ ਜ਼ਰਾ ਜਿੰਨਾ ਵੀ ਭੈਅ ਨਹੀਂ।" ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਗ਼ਦਰ ਲਹਿਰ ਦੇ ਯੋਧਿਆਂ ਦੇ 'ਤਾਰਾ ਮੰਡਲ ਦਾ ਚੰਦ' ਕਹਿ ਕੇ ਗਦਰ ਇਤਿਹਾਸ ਵਿੱਚ ਸਤਿਕਾਰਿਆ ਗਿਆ ਹੈ। ਦੁਖਾਂਤ ਇਸ ਗੱਲ ਦਾ ਹੈ ਕਿ ਅਜੇ ਤੱਕ ਨਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਹੀ ਅਤੇ ਨਾ ਹੀ ਪੰਜਾਬ ਦੇ ਸੰਘਰਸ਼ ਲਈ ਇਤਿਹਾਸ ਵਿੱਚ, ਭਾਈ ਬਲਵੰਤ ਸਿੰਘ ਨੂੰ ਬਾਰੇ ਕੁਝ ਲਿਖਿਆ ਮਿਲਦਾ ਹੈ। ਅੰਗਰੇਜ਼ਾਂ ਤੋਂ ਮੁਆਫ਼ੀਆਂ ਮੰਗਣ ਵਾਲੇ ਸਵਰਕਰ ਨੂੰ ਆਜ਼ਾਦੀ ਦਾ ਨਾਇਕ ਪੇਸ਼ ਕਰਨ ਵਾਲੀ, ਅੱਜ ਦੀ ਫਾਸ਼ੀਵਾਦੀ ਸਰਕਾਰ ਤੋਂ ਤਾਂ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਨੂੰ ਮਹਾਨ ਯੋਧਾ ਕਰਾਰ ਦੇਣ ਦੀ ਆਸ ਰੱਖਣਾ ਹੀ ਗਲਤ ਹੈ। ਦਰਅਸਲ ਭਾਈ ਸਾਹਿਬ ਦੀ ਸ਼ਹਾਦਤ, ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਹੁੰਦਿਆਂ ਉਸ ਵੇਲੇ ਦੇ ਰਾਜਸੀ ਮੁਖੀਆਂ ਨੂੰ ਚੁਣੌਤੀ ਦਿੰਦਿਆਂ, ਸਮੁੱਚੇ ਗਦਰ ਲਹਿਰ ਦੇ ਇਤਿਹਾਸ ਵਿੱਚ ਵਿਲੱਖਣ ਮਾਰਗ ਦਰਸ਼ਕ ਕਹੀ ਜਾ ਸਕਦੀ ਹੈ। ਸ਼ਹੀਦ ਭਾਈ ਬਲਵੰਤ ਸਿੰਘ ਦੇ ਕੁਰਬਾਨੀਆਂ ਦੇ ਇਤਿਹਾਸਕ ਪੱਖਾਂ ਨੂੰ ਵੱਧ- ਚੜ ਕੇ ਪਹੁੰਚਣ ਦੀ ਲੋੜ ਹੈ, ਜਿਹਨਾਂ ਇੱਕੋ ਸਮੇਂ 'ਵਿਚਾਰਾਂ ਅਤੇ ਹਥਿਆਰਾਂ' ਦੇ ਸੰਘਰਸ਼ ਨਾਲ ਜ਼ਾਲਮ ਹਕੂਮਤ ਨੂੰ ਭਾਜੜਾਂ ਪਾਈਆਂ ਅਤੇ ਇਹ ਸਿੱਧ ਕਰ ਦਿੱਤਾ ਕਿ

**"ਜਦ ਧਿਰ ਉਪਾਵਾਂ ਦੀ ਹਾਰਦੀ ਹੈ,**
**ਤਾਂ ਜਾਇਜ਼ ਵਰਤੋਂ ਤਲਵਾਰ ਦੀ ਹੈ।"**



'ਸਰ' ਸੁੰਦਰ ਸਿੰਘ ਮਜੀਠੀਆ ਮਾਈਕਲ ਓਡਵਾਇਰ ਲਈ ਫੰਡ ਇਕੱਠਾ ਕਰਨ ਵਾਲੀ ਕਮੇਟੀ ਦਾ ਮੁਖੀ ਸੀ। ਭਾਈ ਬਲਵੰਤ ਸਿੰਘ ਖੁਰਦਪੁਰ ਨੇ ਕੈਨੇਡਾ ਵਾਪਸ ਪਰਤਦਿਆਂ ਆਪਣੇ ਮਿੱਤਰ ਭਾਈ ਹਰਚੰਦ ਸਿੰਘ ਲਾਇਲਪੁਰੀ ਨੂੰ ਪੱਤਰ ਲਿਖਕੇ ਚੀਫ਼ ਖ਼ਾਲਸਾ ਦੀਵਾਨ ਨਾਲੋਂ ਨਾਤਾ ਤੋੜਨ ਅਤੇ ਅੰਗਰੇਜ਼ ਹਕੂਮਤ ਦਾ ਡਟਵਾਂ ਵਿਰੋਧ ਕਰਨ ਦੀ ਹਦਾਇਤ ਕੀਤੀ ਸੀ। ਕੈਨੇਡਾ ਵਾਪਸੀ ਦੌਰਾਨ ਆਪ ਕਾਮਾਗਾਟਾ ਮਾਰੂ 'ਗੁਰੂ ਨਾਨਕ ਜਹਾਜ਼' ਦੇ ਮੁਸਾਫ਼ਰਾਂ ਅਤੇ ਮੁਖੀ ਭਾਈ ਗੁਰਦਿੱਤ ਸਿੰਘ ਸਰਹਾਲੀ ਨੂੰ ਵੀ ਮਿਲੇ ਅਤੇ ਜਹਾਜ਼ ਦੇ ਕੈਨੇਡਾ ਪੁੱਜਣ ਤੋਂ ਦੋ ਦਿਨ ਪਹਿਲਾਂ ਵੈਨਕੂਵਰ ਪਹੁੰਚ ਗਏ। ਮੁਸਾਫ਼ਰਾਂ ਦੀ ਸਹਾਇਤਾ ਲਈ ਬਣੀ 'ਸ਼ੋਅਰ ਕਮੇਟੀ' ਵਿੱਚ ਭਾਈ ਸਾਹਿਬ ਆਗੂ ਸਨ। ਜਦੋਂ ਜਬਰੀ ਜਹਾਜ਼ ਭਾਰਤ ਵਾਪਸ ਮੁੜਨ ਦਾ ਫੈਸਲਾ ਕੀਤਾ ਗਿਆ, ਤਾਂ ਭਾਈ ਸਾਹਿਬ ਆਪਣੇ ਸਾਥੀਆਂ ਸਮੇਤ 23 ਜੁਲਾਈ 1914 ਨੂੰ ਅਮਰੀਕਾ ਤੋਂ ਹਥਿਆਰ ਖ਼ਰੀਦਣ ਵਾਸਤੇ ਗਏ, ਤਾਂ ਕਿ ਜਹਾਜ਼ ਰਾਹੀਂ ਗ਼ਦਰ ਪਾਰਟੀ ਦੇ ਲੀਡਰਾਂ ਤੱਕ ਪਹੁੰਚਾਏ ਜਾ ਸਕਣ, ਪਰ ਸੂਮਸ ਬਾਰਡਰ 'ਤੇ ਇਨ੍ਹਾਂ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਜਹਾਜ਼ ਪਰਤਣ ਤੋਂ ਬਾਅਦ ਰਿਹਾਅ ਕੀਤਾ ਗਿਆ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.


Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com



# ਯੋਗੀ ਯੂਪੀ ਅਤੇ ਪੁਸ਼ਕਰ ਧਾਮੀ ਉਤਰਾਖੰਡ ਦੇ ਮੁੜ ਮੁੱਖ ਮੰਤਰੀ ਬਣੇ

ਦੇਹਰਾਦੂਨ-ਉੱਤਰ ਪ੍ਰਦੇਸ਼ ਵਿਚ ਯੋਗੀ ਅਦਿਤਿਆਨਾਥ ਦੇ ਦੁਬਾਰਾ ਵਿਧਾਇਕ ਦਲ ਦਾ ਨੇਤਾ ਚੁਣੇ ਜਾਣ ਉਪਰੰਤ ਉਹਨਾਂ ਦਾ ਦੂਸਰੀ ਵਾਰ ਮੁੱਖ ਮੰਤਰੀ ਬਣਨਾ ਤੈਅ ਹੋ ਗਿਆ ਹੈ। ਇਸੇ ਦੌਰਾਨ ਪੁਸ਼ਕਰ ਸਿੰਘ ਧਾਮੀ(46) ਨੇ ਇਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿੱਚ ਉੱਤਰਾਖੰਡ ਦੇ ਮੁੱਖ ਮੰਤਰੀ ਵਜੋਂ ਹਲਫ਼ ਲੈ ਲਿਆ । ਸਥਾਨਕ ਪਰੇਡ ਗਰਾਊਂਡ ਵਿੱਚ ਰੱਖੇ ਹਲਫ਼ਦਾਰੀ ਸਮਾਗਮ ਦੌਰਾਨ ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਗੁਰਮੀਤ ਸਿੰਘ ਨੇ ਧਾਮੀ ਤੋਂ ਇਲਾਵਾ ਅੱਠ ਮੰਤਰੀਆਂ ਨੂੰ ਸਹੁੰ ਚੁਕਾਈ। ਮੁੱਖ ਮੰਤਰੀ ਵਜੋਂ ਧਾਮੀ ਦਾ ਇਹ ਲਗਾਤਾਰ ਦੂਜਾ ਕਾਰਜਕਾਲ ਹੈ। ਭਾਜਪਾ ਨੇ ਸੋਮਵਾਰ ਨੂੰ ਖਟੀਮਾ ਹਲਕੇ ਤੋਂ ਸਾਬਕਾ ਵਿਧਾਇਕ ਧਾਮੀ ਦਾ ਨਾਮ ਐਲਾਨ ਕੇ ਪਹਾੜੀ ਰਾਜ ਵਿੱਚ ਮੁੱਖ ਮੰਤਰੀ ਦੇ ਅਹੁਦੇ ਲਈ ਚੱਲ ਰਹੀ ਚੁੰਝ ਚਰਚਾ 'ਤੇ ਵਿਰਾਮ ਲਾ ਦਿੱਤਾ ਸੀ। ਧਾਮੀ ਦੀ ਅਗਵਾਈ ਵਿੱਚ ਭਾਜਪਾ ਨੇ ਉੱਤਰਾਖੰਡ ਅਸੈਂਬਲੀ ਚੋਣਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ, ਹਾਲਾਂਕਿ ਧਾਮੀ ਖ਼ੁਦ ਖਟੀਮਾ ਹਲਕੇ ਤੋਂ ਚੋਣ ਹਾਰ ਗਏ ਸਨ, ਜਿਸ ਦੀ ਉਹ ਸਾਲ 2012 ਤੋਂ ਨੁਮਾਇੰਦਗੀ ਕਰਦੇ ਆ ਰਹੇ ਸਨ। ਧਾਮੀ ਨੂੰ ਹੁਣ ਇਸ ਅਹੁਦੇ 'ਤੇ ਬਣੇ ਰਹਿਣ ਲਈ ਛੇ ਮਹੀਨਿਆਂ ਅੰਦਰ ਅਸੈਂਬਲੀ ਚੋਣ ਜਿੱਤਣੀ ਹੋਵੇਗੀ।

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage


(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839




ਵਰਕ ਬੀ ਸੀ ਲੋਕਾਂ ਨੂੰ ਮੌਕਿਆਂ ਨਾਲ ਜੋੜਦਾ ਹੈ। ਨੌਕਰੀ ਲੱਭਣ ਜਾਂ ਨਵੇਂ ਰੁਜ਼ਗਾਰ ਵਾਸਤੇ ਸਿਖਲਾਈ ਲਈ ਜਾਓ: **WorkBC.ca/FindYourPlace**


ਇਸ ਤੋਂ ਇਲਾਵਾ ਆਪਣੇ ਸਥਾਨਕ ਵਰਕ ਬੀ ਸੀ ਸੈਂਟਰ ਤੋਂ ਨੌਕਰੀ ਲਈ ਵਿਅਕਤੀਗਤ ਸਹਿਯੋਗ ਪ੍ਰਾਪਤ ਕਰੋ।

BRITISH COLUMBIA | WorkBC

ਬੀ.ਸੀ. ਦਾ ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ

99% ਤੋਂ ਵਧੇਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਛੋਟ ਹੈ

ਪਰ ਤੁਹਾਨੂੰ ਅਜੇ ਵੀ ਘੋਸ਼ਣਾ ਕਰਨੀ ਪਵੇਗੀ



ਬੀਸੀ ਦੇ ਸੱਟੇਬਾਜ਼ੀ ਅਤੇ ਖਾਲੀ ਘਰਾਂ ਦੇ ਟੈਕਸ ਦੀ ਘੋਸ਼ਣਾ ਪੂਰੀ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ।

ਭਾਂਵੇ ਸਾਰੇ ਮਕਾਨ ਮਾਲਕਾਂ ਲਈ ਇਸਦੀ ਘੋਸ਼ਣਾ ਕਰਨਾ ਜ਼ਰੂਰੀ ਹੈ, ਬ੍ਰਿਟਿਸ਼ ਕੋਲੰਬੀਆ ਦੇ 99% ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਨਹੀਂ ਕਰਨੀ ਪਵੇਗੀ। ਇਹ ਟੈਕਸ ਮੈਟਰੋ ਵੈਨਕੂਵਰ ਵਿੱਚ 18,000 ਕੋਂਡੋ ਸਮੇਤ, ਖਾਲੀ ਘਰਾਂ ਨੂੰ ਲੋਕਾਂ ਲਈ ਰਿਹਾਇਸ਼ਾਂ ਵਿੱਚ ਬਦਲਣ ਵਿੱਚ ਮਦਦ ਕਰਦਾ ਹੈ ਅਤੇ ਕਿਫਾਇਤੀ ਰਿਹਾਇਸ਼ਾਂ ਨੂੰ ਫੰਡ ਕਰਦਾ ਹੈ।

ਹੋਮਜ਼ ਫੌਰ ਬੀਸੀ ਯੋਜਨਾ ਦੇ ਤਹਿਤ ਪੂਰੇ ਬੀਸੀ ਵਿੱਚ 32,000 ਕਿਫਾਇਤੀ ਘਰ ਮੁਕੰਮਲ ਹੋ ਗਏ ਹਨ ਜਾਂ ਉਸਾਰੀ ਅਧੀਨ ਹਨ।

**31 ਮਾਰਚ , 2022** ਤੱਕ **gov.bc.ca/spectax** 'ਤੇ ਜਾਂ ਟੋਲ ਫ੍ਰੀ **1-833-554-2323** 'ਤੇ ਫੋਨ ਕਰਕੇ ਰਜਿਸਟਰ ਕਰੋ।

ਘਰਾਂ ਨੂੰ ਵਧੇਰੇ ਕਿਫਾਇਤੀ ਬਣਾਉਣਾ

BRITISH COLUMBIA

# ਯੂਕਰੇਨ ਨੇ ਹਥਿਆਰ ਸੁੱਟਣ ਦੀ ਰੂਸ ਦੀ ਮੰਗ ਠੁਕਰਾਈ

ਕੀਵ-ਯੂਕਰੇਨ ਦੇ ਅਧਿਕਾਰੀਆਂ ਨੇ ਮਾਰਿਉਪੋਲ ਵਿਚ ਹਥਿਆਰ ਸੁੱਟਣ ਦੀ ਰੂਸ ਦੀ ਮੰਗ ਨੂੰ ਠੁਕਰਾ ਦਿੱਤਾ ਹੈ। ਰੂਸ ਨੇ ਕਿਹਾ ਸੀ ਕਿ ਯੂਕਰੇਨੀ ਬਲ ਸਮਰਪਣ ਕਰ ਕੇ ਚਿੱਟੇ ਝੰਡੇ ਲਹਿਰਾਉਣ। ਇਸ ਤੋਂ ਬਾਅਦ ਹੀ ਘਿਰੇ ਹੋਏ ਸ਼ਹਿਰ ਵਿਚੋਂ ਸੁਰੱਖਿਅਤ ਲਾਂਘਾ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਮਾਰਿਉਪੋਲ ਬੰਦਰਗਾਹ ਵਾਲਾ ਸ਼ਹਿਰ ਹੈ ਤੇ ਰਣਨੀਤਕ ਤੌਰ 'ਤੇ ਬੇਹੱਦ ਮਹੱਤਵਪੂਰਨ ਹੈ। ਰੂਸ ਜਿੱਥੇ ਮਾਰਿਉਪੋਲ ਨੂੰ ਜਿੱਤਣ ਲਈ ਜ਼ੋਰਦਾਰ ਬੰਬਾਰੀ ਕਰ ਰਿਹਾ, ਉੱਥੇ ਹੀ ਯੂਕਰੇਨ ਦੇ ਬਾਕੀ ਹਿੱਸਿਆਂ ਵਿਚ ਵੀ ਜੂਝ ਰਿਹਾ ਹੈ। ਰਾਜਧਾਨੀ ਕੀਵ ਵਿਚ ਰੂਸ ਵੱਲੋਂ ਕੀਤੀ ਗਈ ਗੋਲੀਬਾਰੀ ਨਾਲ ਇਕ ਸ਼ਾਪਿੰਗ ਸੈਂਟਰ ਤਬਾਹ ਹੋ ਗਿਆ ਤੇ 8 ਲੋਕਾਂ ਦੀ ਮੌਤ ਹੋ ਗਈ। ਮਾਰਿਉਪੋਲ ਉਤੇ ਰੂਸ ਤਿੰਨ ਹਫ਼ਤਿਆਂ ਤੋਂ ਬੰਬ ਸੁੱਟ ਰਿਹਾ ਹੈ ਤੇ ਇੱਥੇ ਹਾਲਾਤ ਬਹੁਤ ਮਾੜੇ ਹੋ ਗਏ ਹਨ। ਹਮਲੇ ਵਿਚ ਰੂਸ ਨੇ ਇਕ ਆਰਟ ਸਕੂਲ ਨੂੰ ਵੀ ਨਿਸ਼ਾਨਾ ਬਣਾਇਆ ਜਿੱਥੇ 400 ਲੋਕਾਂ ਨੇ ਸ਼ਰਨ ਲਈ ਹੋਈ ਹੈ। ਦੱਸਣਯੋਗ ਹੈ ਕਿ ਮਾਰਿਉਪੋਲ ਤੇ ਹੋਰਾਂ ਸ਼ਹਿਰਾਂ ਵਿਚੋਂ ਲੋਕਾਂ ਨੂੰ ਸੁਰੱਖਿਅਤ ਜਾਣ ਦੇਣ ਦੇ ਲਈ ਦੋਵਾਂ ਧਿਰਾਂ ਵੱਲੋਂ ਕਈ ਵਾਰ ਸਹਿਮਤੀ ਬਣਾਈ ਗਈ ਹੈ, ਪਰ ਇਹ ਯਤਨ ਅੰਸ਼ਕ ਤੌਰ 'ਤੇ ਹੀ ਸਫ਼ਲ ਹੋਏ ਹਨ ਜਾਂ ਫਿਰ ਗੋਲੀਬੰਦੀ ਟੁੱਟਣ ਕਾਰਨ ਨਾਕਾਮ ਹੋ ਗਏ ਹਨ। ਮਾਰਿਉਪੋਲ ਸ਼ਹਿਰ ਨੂੰ ਜਿੱਤਣ 'ਤੇ ਰੂਸੀ ਫ਼ੌਜਾਂ ਦੱਖਣੀ ਤੇ ਪੂਰਬੀ ਯੂਕਰੇਨ ਦੇ ਹਿੱਸਿਆਂ ਵਿਚ ਇਕੱਠੀਆਂ ਹੋ ਜਾਣਗੀਆਂ। ਇਸੇ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਫਰਾਂਸ, ਜਰਮਨੀ,



ਇਟਲੀ ਤੇ ਬਰਤਾਨੀਆ ਦੇ ਆਗੂਆਂ ਨਾਲ ਯੂਕਰੇਨ ਜੰਗ ਬਾਰੇ ਗੱਲਬਾਤ ਕੀਤੀ ਹੈ। ਬਾਇਡਨ ਜਲਦੀ ਹੀ ਬਰੱਸਲਜ਼ ਤੇ ਪੋਲੈਂਡ ਵੀ ਜਾਣਗੇ। ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਅਮਰੀਕਾ ਤੋਂ ਜਹਾਜ਼ਾਂ ਅਤੇ ਹਵਾਈ ਰੱਖਿਆ ਪ੍ਰਣਾਲੀ ਦੀ ਮੰਗ ਕਰ ਰਹੇ ਹਨ। ਜ਼ੇਲੈਂਸਕੀ ਨੇ ਜ਼ੋਰ ਦੇ ਕੇ ਕਿਹਾ ਕਿ ਯੂਕਰੇਨ ਦੇ ਸੈਨਿਕ ਲੜਨਗੇ, ਝੁਕਣਗੇ ਨਹੀਂ। ਰਾਜਧਾਨੀ ਕੀਵ ਉਤੇ ਵੀ ਰੂਸੀ ਹਮਲਾ ਚੌਥੇ ਹਫ਼ਤੇ ਵਿਚ ਦਾਖਲ ਹੋ ਗਿਆ ਹੈ।



# ਰਾਜਧਾਨੀ ਦਿੱਲੀ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ

ਨਵੀਂ ਦਿੱਲੀ (ਦਿਓਲ)-ਭਾਰਤ ਵਿਚ ਹਵਾ ਪ੍ਰਦੂਸ਼ਣ 2021 ਵਿਚ ਹੋਰ ਉੱਚੇ ਪੱਧਰ ਉਤੇ ਪਹੁੰਚ ਗਿਆ ਹੈ। 'ਵਰਲਡ ਏਅਰ ਕੁਆਲਿਟੀ ਰਿਪੋਰਟ' ਮੁਤਾਬਕ ਦਿੱਲੀ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਹੈ। ਦਰਅਸਲ ਕੇਂਦਰੀ ਤੇ ਦੱਖਣ ਏਸ਼ੀਆ ਦੇ 15 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 11 ਭਾਰਤ ਵਿਚ ਹਨ। ਸਵਿਸ ਸੰਗਠਨ 'ਆਈਕਿਊ ਏਅਰ' ਵੱਲੋਂ ਜਾਰੀ ਰਿਪੋਰਟ ਮੁਤਾਬਕ ਦਿੱਲੀ ਵਿਚ 2021 'ਚ ਪੀਐਮ2.5 ਕੰਸਨਟ੍ਰੇਸ਼ਨ 'ਚ 14.6 ਪ੍ਰਤੀਸ਼ਤ ਦਾ ਵਾਧਾ ਦੇਖਿਆ ਗਿਆ ਹੈ। ਭਾਰਤ ਵਿਚ ਕੋਈ ਵੀ ਸ਼ਹਿਰ ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਉਤੇ ਖ਼ਰਾ ਨਹੀਂ ਉਤਰਦਾ। ਕਈ ਸ਼ਹਿਰਾਂ ਵਿਚ ਪ੍ਰਦੂਸ਼ਣ ਦਾ ਪੱਧਰ ਡਬਲਿਊਐਚਓ ਵੱਲੋਂ ਮਿੱਥੀ ਗਈ ਸੀਮਾ ਤੋਂ ਦਸ ਗੁਣਾ ਵੱਧ ਹੈ। ਸ਼ਹਿਰ ਵਜੋਂ ਦਿੱਲੀ ਦੁਨੀਆ ਦਾ ਚੌਥਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਹੈ। ਇਸ ਤੋਂ ਇਲਾਵਾ ਰਾਜਸਥਾਨ ਦਾ ਭਿਵਾੜੀ, ਗਾਜ਼ੀਆਬਾਦ (ਯੂਪੀ) ਵੀ ਇਸ ਸੂਚੀ ਵਿਚ ਹਨ। ਤੀਸਰੇ ਨੰਬਰ ਉਤੇ ਚੀਨ ਦਾ ਹੋਟਾਨ ਸ਼ਹਿਰ ਹੈ। ਭਾਰਤ ਵਿਚ ਜਿਹੜੇ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹਨ, ਉਹ ਵਧੇਰੇ ਰਾਸ਼ਟਰੀ ਰਾਜਧਾਨੀ ਦਿੱਲੀ ਦੇ ਨੇੜੇ-ਤੇੜੇ ਹੀ ਹਨ। ਨੋਇਡਾ ਸੱਤਵੇਂ ਨੰਬਰ ਉਤੇ ਜਦਕਿ ਹਿਸਾਰ, ਫਰੀਦਾਬਾਦ ਤੇ ਰੋਹਤਕ (ਸਾਰੇ ਹਰਿਆਣਾ) 11ਵੇਂ, 12ਵੇਂ ਤੇ 14ਵੇਂ ਨੰਬਰ ਉਤੇ ਹਨ। ਅੰਕੜਿਆਂ ਮੁਤਾਬਕ ਲੌਕਡਾਊਨ ਚੁੱਕੇ ਜਾਣ ਮਗਰੋਂ ਕੁਝ ਖੇਤਰਾਂ ਵਿਚ ਧੂੰਏਂ ਨਾਲ ਹੁੰਦਾ ਪ੍ਰਦੂਸ਼ਣ ਵਧਿਆ ਹੈ। ਜ਼ਿਕਰਯੋਗ ਹੈ ਕਿ ਭਾਰਤ ਵਿਚ ਲੋਕਾਂ ਨੂੰ ਹਵਾ ਪ੍ਰਦੂਸ਼ਣ ਕਾਰਨ ਵੱਡੇ ਪੱਧਰ ਉਤੇ ਬਿਮਾਰੀਆਂ ਲੱਗਦੀਆਂ ਹਨ।

MORTGAGE
If you are paying more than
1.75%*
5 YEARS VARIABLE RATE
*Conditions Apply. Rates subject to change without notice. It is for the Principal house.
Call us NOW to Lower your Rate!
GET CASH BACK UP TO $3000*
Superior Mortgage
Unit 244-8138-128 Street, Surrey
604 507 1000
Our Symbol of Care & Service



Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

SURREY
(604) 502 - 0441
FAX (604) 502-0417

5-8430 128TH ST.
SURREY, BC
V3W 4G3

MON-FRI 8 AM - 8 PM
SATURDAY 9 AM - 6 PM
SUNDAY 9 AM - 5 PM

VANCOUVER
(604) 325 - 1241
FAX (604) 325-1414

4038 KNIGHT ST.
VANCOUVER, BC
V5N 5Y7

MON-FRI 9 AM - 8 PM
SATURDAY 9 AM - 5 PM
SUNDAY 9 AM - 5 PM

ICBC autoplan

OPEN 7 DAYS

www.goldkeyinsurance.ca


Rajan MANGOES
AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
Extra Extra Super Special
Rajan MANGOES
(Haden) 4 kg
ਰਾਜਨ ਹੇਡਨ ਅੰਬ
$13.99 BOX
*Number of pieces depends on the weight
Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag
Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
89¢ lb
Black Chana
ਚਨਾ ਦਾਲ
88¢ lb
Chickpeas
ਚਿੱਟੇ ਛੋਲੇ
88¢ lb
Chana Dal
ਚਨੇ ਦੀ ਦਾਲ
88¢ lb
Extra Super Super Special
Royal Basmati Rice 10 lbs
ਰੋਏਲ ਬਾਸਮਤੀ ਚੌਲ
$9.98 bag
Extra Super Super Special
Rapini (Sarson da Saag)
ਸਰਸੋਂ ਦਾ ਸਾਗ
$2.69 bunch
Super Special
Yellow Onions 50 lbs
ਪੀਲੇ ਗੰਢੇ
$15.99 bag
Super Special
Spinach
ਪਾਲਕ
99¢ bunch
Super Special
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$3.99 lb
Super Special
Cilantro
ਧਣੀਆ
2 bunches for 98¢
Super Special
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
Super Special
Fresh Ginger
ਤਾਜ਼ਾ ਅਦਰਕ
$1.48 lb
Reg. Large Eggplant
ਵੱਡੇ ਬਤਾਊਂ
99¢ ea.
Fresh Garlic
ਤਾਜ਼ਾ ਲਸਣ
$1.49 lb
Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
98¢ lb
Daikon (Mooli)
ਮੂਲੀ
88¢ lb
Punjabi Cookies New Crunch & Indican 2.2 lbs All Flavours
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$4.98 pkg.
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Green Elaichi (Cardamom) S.G
ਹਰੀ ਇਲਾਇਚੀ (ਐਸ. ਜੀ)
$18.99 lb
Maggi Masala Noodles 70 g
ਮੈਗੀ ਮਸਾਲਾ ਨੂਡਲਜ਼
3 for 99¢
Maggi Masala Noodles 280 g
ਮੈਗੀ ਮਸਾਲਾ ਨੂਡਲਜ਼
$1.49 pkg.
Product images may differ from the actual product.
Fri Mar 25, 2022 - Wed Mar 30, 2022
We reserve the right to limit the quantities while they last
Specials valid for Lower Mainland only
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana
SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd.----------------- 604-244-9520